# ਸਿੱਖ ਰਹਿਤ ਮਰਯਾਦਾ

ਡਾ. ਸਰਬਜਿੰਦਰ ਸਿੰਘ
ਪ੍ਰੋਫੈਸਰ ਅਤੇ ਮੁਖੀ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ss_badeshan@yahoo.co.in
mobile : + 91 81463 80294

05 ਮਈ, 2013

# ਸਿੱਖ ਰਹਿਤ ਮਰਯਾਦਾ

**ਡਾ. ਸਰਬਜਿੰਦਰ ਸਿੰਘ***

ਕਿਸੇ ਵੀ ਧਰਮ ਜਾਂ ਧਾਰਮਿਕ ਕੌਮੀਅਤ ਦੀ ਸਦ-ਤਾਜ਼ਗੀ ਅਤੇ ਸਦੈਵ ਪ੍ਰਸੰਗਕਤਾ "**ਇਕ ਗ੍ਰੰਥ, ਇਕ ਪੰਥ ਅਤੇ ਇਕ ਰਹਿਤ ਮਰਯਾਦਾ**" ਦੇ ਸਿਧਾਂਤਕ ਪ੍ਰਸੰਗ ਵਿਚ ਹੀ ਆਪਣੀ ਨਿਵੇਕਲੀ ਪਹਿਚਾਣ ਬਣਾ ਸਕਦੀ ਹੈ, ਨਹੀਂ ਤੇ ਕਿਸੇ ਵੇਲੇ ਵੀ ਸਬੰਧਤ ਧਰਮ ਕਿੰਤੂਆਂ ਪ੍ਰੰਤੂਆਂ ਦਾ ਸ਼ਿਕਾਰ ਹੋ ਸਕਦਾ ਹੈ ਅਤੇ ਨਤੀਜੇ ਵਜੋਂ ਉਸਦੇ ਪਵਿੱਤਰ ਸਿਧਾਂਤ ਅਤੇ ਅਮਲ ਉਪਰ ਵੀ ਪ੍ਰਸ਼ਨ ਚਿੰਨ੍ਹ ਖੜ੍ਹਾ ਹੋ ਸਕਦਾ ਹੈ। **ਇਸ ਲਈ ਇਸ ਕਾਨਫ਼ਰੰਸ ਦੇ ਪ੍ਰਬੰਧਕਾਂ ਦੀ ਦੂਰ-ਅੰਦੇਸ਼ੀ ਫਖ਼ਰ ਕਰਨ ਯੋਗ ਹੈ, ਜਿਨ੍ਹਾਂ ਨੇ ਅਜਿਹਾ ਯੋਗ ਵਿਸ਼ਾ ਚੁਣਿਆ।** ਇਥੇ ਇਹ ਦੱਸਣਾ ਪ੍ਰਸੰਗ ਯੁਕਤਿ ਰਹੇਗਾ ਕਿ ਇਹ ਮਹਿਜ ਟਾਈਟਲ ਨਹੀਂ ਹੈ। ਇਹ ਸਿੱਖੀ ਦਾ ਉਹ ਨਿਵੇਕਲਾ ਸਿਧਾਂਤ ਹੈ, ਜਿਸ ਦੇ ਅੰਤਰਗਤ ਸਿੱਖੀ ਦੇ ਬੂਟੇ ਨੇ ਜਨਮ ਲਿਆ ਅਤੇ ਫਲਿਆ ਫੁੱਲਿਆ।

ਕਿਸੇ ਵੀ ਧਰਮ ਦੀ ਰਹਿਤ ਮਰਯਾਦਾ, ਸਬੰਧਤ ਦੇ ਪਵਿੱਤਰ ਧਰਮ ਗ੍ਰੰਥ ਅਤੇ ਪਵਿੱਤਰ ਧਰਮ ਗ੍ਰੰਥ ਅਧਾਰਤ ਸਿਰਜੇ ਇਤਿਹਾਸ ਵਿਚ ਨਿਹਿਤ ਵੀ ਹੁੰਦੀ ਹੈ ਅਤੇ ਪ੍ਰਕਾਸ਼ਤ ਵੀ। ਇਸ ਤਰ੍ਹਾਂ ਰਹਿਤ ਮਰਯਾਦਾ ਨੂੰ ਸਬੰਧਤ ਧਰਮ ਦਾ ਵਰਤਮਾਨ ਕਿਹਾ ਜਾ ਸਕਦਾ ਹੈ। ਸਿੱਖ ਧਰਮ ਦੀ ਰਹਿਤ ਮਰਯਾਦਾ ਦਾ ਮੂਲ ਸ੍ਰੋਤ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ। ਪਰ ਅੱਗੇ ਵਿਸਥਾਰਪੂਰਵਕ ਜ਼ਿਕਰ ਕੀਤਾ ਜਾ ਰਿਹਾ ਹੈ ਕਿ ਰਹਿਤ ਮਰਯਾਦਾ ਦਾ ਜੋ ਸਰੂਪ ਇਸ ਵੇਲੇ ਪ੍ਰਾਪਤ ਹੈ, ਉਸ ਨੂੰ ਪੰਥਕ ਰਹਿਤ ਮਰਯਾਦਾ ਪਰਵਾਨ ਕੀਤਾ ਜਾ ਚੁੱਕਾ ਹੈ। ਇਸ ਦਾ ਆਧਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ। ਪੰਥ ਵਲੋਂ ਬਣਾਈ ਜਾਣ ਕਰਕੇ ਜਾਂ ਪੰਥਕ ਕਿਰਤ ਹੋਣ ਕਰਕੇ ਇਸ ਵਿਚ ਰਹਿਤਨਾਮਿਆਂ ਅਤੇ ਹੋਰ ਸਿੱਖ ਸਾਹਿਤ ਦਾ ਵੀ ਪ੍ਰਭਾਵ ਅਤੇ ਆਧਾਰ ਸ਼ਾਮਲ ਹੈ। ਸਿੱਖ ਦੀ ਜੀਵਨ ਜਾਂਚ ਅਤੇ ਉਸ ਦੀ ਵੱਖਰੀ ਪਹਿਚਾਣ ਲਈ ਸਿੱਖ ਰਹਿਤ ਮਰਯਾਦਾ ਅਹਿਮ ਟੈਕਸਟ ਹੋ ਗਈ ਹੈ। ਇਹ ਟੈਕਸਟ ਕਦੋਂ ਹੋਂਦ ਵਿਚ ਆਈ, ਇਸ ਦੇ ਹੋਂਦ ਵਿਚ ਆਉਣ ਦੇ ਕਾਰਨ ਕੀ ਸਨ ਅਤੇ ਇਸ ਨੂੰ ਤਿਆਰ ਕਰਨ ਵਾਲਿਆਂ ਨੂੰ ਕਿਸ ਤਰ੍ਹਾਂ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ, ਉਸਦਾ ਪ੍ਰਸੰਗਕ ਬਿਆਨ ਇਸ ਪੇਪਰ ਦੀ ਭਾਵਨਾ ਹੈ। ਕਿਸੇ ਵੀ ਧਰਮ ਵਿਚ ਧਰਮ ਗ੍ਰੰਥ ਤੋਂ ਬਾਅਦ ਰਹਿਤ ਮਰਯਾਦਾ ਦਾ ਵਰਤਮਾਨ, ਨਿਰਸੰਦੇਹ ਸਭ ਨਾਲੋਂ ਮਹੱਤਵਪੂਰਨ ਹੁੰਦਾ ਹੈ। ਪਰ ਇਸ ਮਹੱਤਵ ਨੂੰ ਬੀਤ ਗਏ ਦੀ ਨਿਰੰਤਰਤਾ ਵਿਚ ਹੀ ਪਰਖਿਆ ਜਾ ਸਕਦਾ ਹੈ। ਇਸੇ ਵਿਚੋਂ ਰਹਿਤ ਮਰਯਾਦਾ ਦੀਆਂ ਭਵਿੱਖਾਰਥੀ (Futuristic) ਸੰਭਾਵਨਾਵਾਂ ਦੀ ਨਿਸ਼ਾਨਦੇਹੀ ਹੋ

* ਪ੍ਰੋਫੈਸਰ ਅਤੇ ਮੁਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਕਣੀ ਹੈ। ਇਸੇ ਲਈ ਇਸ ਦਾ ਧਰਮ-ਆਧਾਰਤ ਅਕਾਦਮਿਕ ਪ੍ਰਸੰਗ ਇਸ ਪੇਪਰ ਰਾਹੀਂ ਉਸਾਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਮੈਂ ਪੇਪਰ ਸ਼ੁਰੂ ਕਰਨ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਕਾਨਫ਼ਰੰਸ ਲਈ ਮੈਂ ਇਕ ਪੇਪਰ "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਦਾ ਪ੍ਰਸ਼ਨ ਤਾਰਕਿਕ ਜਾਂ ਅਤਾਰਕਿਕ" ਵਿਸ਼ੇ ਉਪਰ ਲਿਖਿਆ ਸੀ, ਪਰ ਮੇਰੇ ਉਪਰ ਦੋ ਪੇਪਰ ਲਿਖਣ ਦੀ ਜ਼ਿੰਮੇਵਾਰੀ ਆਇਦ ਹੋ ਗਈ, ਫਲਸਰੂਪ 'ਸਿੱਖ ਰਹਿਤ ਮਰਯਾਦਾ' ਤੇ ਹਥਲਾ ਪੇਪਰ ਲਿਖਿਆ ਗਿਆ। ਵਕਤ ਦੀ ਘਾਟ ਕਰਕੇ ਮੈਂ ਆਪਣੇ ਇਸ ਪੇਪਰ ਵਿਚ ਜ਼ਿਆਦਾ ਸਹਾਇਕ ਸੋਮਿਆ ਤੱਕ ਨਹੀਂ ਜਾ ਸਕਿਆ। ਇਸ ਪੇਪਰ ਦਾ ਮੂਲ ਆਧਾਰ ਮੇਰਾ ਆਪਣਾ ਡਾਕਟ੍ਰੇਟ ਦਾ ਖੋਜ ਪ੍ਰਬੰਧ ਹੈ, ਜਿਹੜਾ 'ਸਿੱਖ ਤਖਤਾਂ ਦਾ ਧਰਮ ਵਿਗਿਆਨਕ ਪਰਿਪੇਖ' ਵਿਸ਼ੇ ਤੇ ਬਹੁਤ ਸਮਾਂ ਪਹਿਲਾਂ ਲਿਖਿਆ ਗਿਆ ਸੀ। ਇਸ ਦੇ ਨਾਲ ਹੀ ਪਿਛਲੇ ਸਮੇਂ ਆਪਣੇ ਅਧਿਆਪਕ ਡਾ. ਬਲਕਾਰ ਸਿੰਘ ਦੇ ਸਹਿਯੋਗੀ ਵਜੋਂ ਇਕ ਲੰਮਾ ਲੇਖ ਲਿਖਿਆ ਸੀ। ਉਸ ਦੇ ਵੀ ਕੁਝ ਅੰਸ਼ ਇਸ ਵਿਚ ਸ਼ਾਮਲ ਕੀਤੇ ਗਏ ਹਨ। ਆਰੰਭ ਵਿਚ ਰਹਿਤ ਮਰਯਾਦਾ ਦੀ ਹੋਂਦ ਹਸਤੀ ਸਬੰਧੀ ਕੁਝ ਨੁਕਤੇ ਹਨ ਅਤੇ ਬਾਅਦ ਵਿਚ ਰਹਿਤ ਮਰਯਾਦਾ ਦੇ ਵਿਕਾਸ ਤੇ ਵਿਗਾਸ ਦੀ ਸੰਖੇਪ ਭੂਮਿਕਾ ਹੈ, ਨਾ ਕਿ ਵਿਸਥਾਰਪੂਰਵਕ ਵਰਨਣ:

1) ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਵਿਚ ਗੁਰੂ ਘਰ 'ਤੇ ਕਾਬਜ਼ ਬਦਇਖਲਾਕ ਮਹੰਤਾਂ ਦੇ ਟੋਲਿਆਂ ਵਿਰੁੱਧ ਗੁਰਦੁਆਰਾ ਸੁਧਾਰ ਲਹਿਰ ਦੇ ਨਾਮ ਹੇਠ ਲੜੇ ਗਏ ਵੱਡੇ ਘੋਲ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਸੀ। 14-15 ਨਵੰਬਰ 1920 ਨੂੰ ਇਸ ਦੀ ਕਾਰਜ ਵਿਧਾ ਤੇ ਪ੍ਰਬੰਧਕੀ ਨੀਤੀ ਤੈਅ ਕਰ ਦਿੱਤੀ ਗਈ ਸੀ ਅਤੇ 1925 ਵਿਚ ਐਕਟ ਪਾਸ ਹੋਣ ਉਪਰੰਤ ਇਸ ਨੂੰ ਸੰਵਿਧਾਨਕ ਮਾਨਤਾ ਪ੍ਰਾਪਤ ਹੋ ਗਈ ਸੀ।
2) ਸੰਵਿਧਾਨਿਕ ਆਧਾਰ ਪ੍ਰਾਪਤ ਹੋ ਜਾਣ ਤੇ ਸਿੱਖ ਚੇਤਨਾ ਕੇਂਦਰਾਂ (ਗੁਰਦੁਆਰੇ) ਦੀ ਸਾਂਭ ਸੰਭਾਲ ਸੰਪੂਰਨ ਤੌਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਆ ਗਈ ਸੀ। ਸਿੱਖ ਕੌਮ ਨੂੰ ਲਗਭਗ ਦੋ ਸਦੀਆਂ ਲੰਮੀ ਜੱਦੋ-ਜਹਿਦ ਵਿਚੋਂ ਲੰਘਣਾ ਪਿਆ ਸੀ ਅਤੇ ਅਜੇ ਵੀ ਬਹੁਤ ਸਾਰੇ ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਸਿੱਖ ਸਮਾਜ ਦਾ ਸਹਿਜ ਸਰੂਪ ਸਥਾਪਤ ਨਹੀਂ ਸੀ ਹੋ ਸਕਿਆ। ਫਲਸਰੂਪ ਅਨੇਕਾਂ ਪ੍ਰਸ਼ਨ ਅਤੇ ਦਰਪੇਸ਼ ਚੁਣੌਤੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਸਾਹਮਣੇ ਸਨ। ਸਭ ਤੋਂ ਵੱਡਾ ਪ੍ਰਸ਼ਨ ਸਿੱਖ ਧਰਮ ਅਤੇ ਕੌਮੀਅਤ ਦੀ ਵੱਖਰੀ ਪਹਿਚਾਣ ਦਾ ਸੀ। ਬਿਨਾਂ ਸ਼ੱਕ ਸਮੂਹ ਖਾਲਸਾ ਪੰਥ ਦਾ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਟੁੱਟ ਵਿਸ਼ਵਾਸ ਸੀ ਅਤੇ ਇਨ੍ਹਾਂ ਦੀ ਮਾਣ ਮਰਯਾਦਾ ਤੇ ਸੇਵਾ ਸੰਭਾਲ ਲਈ ਉਹ ਜ਼ਿੰਦਗੀ ਅਤੇ ਮੌਤ ਨੂੰ ਇਕੋ ਜਿਹਾ ਸਮਝਦੇ ਸਨ। ਇਸ ਲਈ ਕੋਈ ਵੀ ਕੁਰਬਾਨੀ ਕਰਨ ਲਈ ਉਹ ਹਰ ਵਕਤ ਤਿਆਰ-ਬਰ-ਤਿਆਰ ਸਨ।

**ਪਰ ਸਿੱਖ ਪੰਥ ਕੋਲ ਕੁਝ ਅਜਿਹਾ ਰਚਿਤ ਸਾਹਿਤ ਵੀ ਮੌਜੂਦ ਸੀ ਜਿਸ ਨੇ ਸਿੱਖ ਕੌਮੀਅਤ ਨੂੰ ਵੱਡੀਆਂ ਭ੍ਰਾਂਤੀਆਂ ਵਿਚ ਪਾ ਦਿੱਤਾ ਸੀ। ਇਸ ਕਾਰਜ ਵਿਚ ਅਹਿਮ ਭੂਮਿਕਾ ਨਿਭਾਉਣ ਵਾਲਾ ਸਾਹਿਤ ਰਹਿਤਨਾਮਿਆਂ ਦੇ ਤੌਰ ਤੇ ਜਾਣਿਆ ਜਾਂਦਾ ਸੀ ਤੇ ਹੈ।** ਇਨ੍ਹਾਂ ਰਹਿਤਨਾਮਿਆਂ ਦੀ ਅੰਦਰਲੀ ਗਵਾਹੀ ਨੇ ਸਿੱਖ ਰਹਿਤ ਮਰਯਾਦਾ ਦੇ ਸਬੰਧੀ ਜਿੱਥੇ ਭਰਮ ਭੁਲੇਖੇ ਖੜ੍ਹੇ ਕਰ ਦਿੱਤੇ ਸਨ, ਉਥੇ ਸਿੱਖ ਰਹਿਤ ਮਰਯਾਦਾ ਜੋ ਸੀਨਾ ਬਸੀਨਾ ਚਲਦੀ ਆ ਰਹੀ, ਉਸ ਬਾਰੇ ਵੀ ਸਿੱਖ ਮਾਨਸਿਕਤਾ ਵਿਚ ਪ੍ਰਸ਼ਨ ਖੜ੍ਹੇ ਕਰ ਦਿੱਤੇ ਸਨ। ਡਰ ਇਹ ਸੀ ਕਿ ਪੈਦਾ ਹੋ ਰਿਹਾ ਪ੍ਰਸ਼ਨ ਸਿੱਖ ਪੰਥ ਨੂੰ ਵੰਡ ਦਰ ਵੰਡ ਅਤੇ ਟੁਕੜ ਵੰਡ ਵਿਚ ਤਬਦੀਲ ਨਾ ਕਰ ਦੇਵੇ।

3) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸਿੱਖ ਧਰਮ ਦੀ ਸਦੈਵ-ਪ੍ਰਸੰਗਕਤਾ ਲਈ ਦਰਪੇਸ਼ ਪ੍ਰਸ਼ਨਾਂ ਅਤੇ ਪੈਦਾ ਹੋ ਰਹੇ ਇਨ੍ਹਾਂ ਭਰਮ ਭੁਲੇਖਿਆਂ ਨੂੰ ਦੂਰ ਕਰਨਾ ਬਹੁਤ ਜ਼ਰੂਰੀ ਸੀ। ਕਿਉਂਕਿ ਰਹਿਤਨਾਮਿਆਂ ਦੇ ਰਚਨਹਾਰਿਆਂ (ਭਾਈ ਨੰਦ ਲਾਲ, ਭਾਈ ਚੌਪਾ ਸਿੰਘ, ਭਾਈ ਪ੍ਰਹਿਲਾਦ ਸਿੰਘ, ਭਾਈ ਦੇਸਾ ਸਿੰਘ ਅਤੇ ਭਾਈ ਦਯਾ ਸਿੰਘ) ਦਾ ਸਬੰਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਨਾਲ ਹੋਣ ਕਰਕੇ ਸਿੱਖਾਂ ਵਿਚ ਇਨ੍ਹਾਂ ਦਾ ਬੇਹੱਦ ਸਤਿਕਾਰ ਸੀ। ਪਰ ਇਨ੍ਹਾਂ ਰਹਿਤਨਾਮਿਆਂ ਵਿਚ ਬਹੁਤ ਸਾਰਾ ਉਹ ਕੁਝ ਵੀ ਸ਼ਾਮਲ ਸੀ, ਜੋ ਸਿੱਖ ਸਿਧਾਂਤ ਨਾਲ ਪੂਰਨ ਤੌਰ ਤੇ ਮੇਲ ਹੀ ਨਹੀਂ ਸੀ ਰਖਦਾ ਅਤੇ ਇਸ ਦੇ ਨਾਲ ਨਾਲ ਰਹਿਤਨਾਮਿਆਂ ਵਿਚ ਸਿੱਖ ਪੈਗੰਬਰੀ ਅਜ਼ਮਤ ਬਾਰੇ ਅਜਿਹੀਆਂ ਘਟਨਾਵਾਂ ਦਾ ਵੀ ਵੇਰਵਾ ਦਰਜ ਹੈ ਜਿਨ੍ਹਾਂ ਦਾ ਗੁਰੂ ਸਾਹਿਬਾਨ ਦੀ ਜੀਵਨਧਾਰਾ ਨਾਲ ਮੇਲ ਸੋਚਿਆ ਵੀ ਨਹੀਂ ਸੀ ਜਾ ਸਕਦਾ। ਪਰ ਬਾਵਜੂਦ ਇਸ ਦੇ ਇਨ੍ਹਾਂ ਰਹਿਤਨਾਮਿਆਂ ਨੂੰ ਕਿਸੇ ਵੀ ਹਾਲਤ ਵਿਚ ਨਾ ਤੇ ਤੁਰਤ ਫੁਰਤ ਰੱਦ ਕਰਨ ਬਾਰੇ ਸੋਚਿਆ ਜਾ ਸਕਦਾ ਸੀ ਅਤੇ ਨਾ ਹੀ ਇਸ ਨੂੰ ਇਸੇ ਰੂਪ ਵਿਚ ਪ੍ਰਵਾਨ ਕੀਤਾ ਜਾ ਸਕਦਾ ਸੀ।

4) ਇਸ ਸ਼ੰਕਾ ਮੂਲਕ ਪ੍ਰਸੰਗ ਦੁਆਰਾ ਖਾਲਸਾ ਪੰਥ ਵਿਚ ਦੁਫੇੜ ਪੈਣ ਦਾ ਸੰਸ਼ਾ ਸਪੱਸ਼ਟ ਨਜ਼ਰ ਆਉਂਦਾ ਸੀ। ਇਸ ਲਈ ਨਵੀਂ ਨਵੀਂ ਹੋਂਦ ਵਿਚ ਆਈ ਸ਼੍ਰੋਮਣੀ ਕਮੇਟੀ ਦੇ ਸਾਹਮਣੇ ਵੱਡਾ ਪ੍ਰਸ਼ਨ ਇਹ ਸੀ ਕਿ ਸ਼ਬਦ ਗੁਰੂ ਦੀ ਭਾਵਨਾ ਨੂੰ ਸਨਮੁਖ ਰਖਦੇ ਹੋਏ ਦਸਮ ਪਾਤਸ਼ਾਹ ਦੁਆਰਾ ਸਾਜੇ ਖਾਲਸਾ-ਪੰਥ ਦੀ ਨਿਵੇਕਲੀ ਪਹਿਚਾਣ ਹਿਤ, ਗੁਰਬਾਣੀ ਦੇ ਗੁਹਜ ਵਿਚੋਂ ਇਕ ਅਜਿਹੀ ਰਹਿਤ ਮਰਯਾਦਾ ਤਿਆਰ ਕੀਤੀ ਜਾਵੇ ਜੋ ਸਿੱਖ ਸਿਧਾਂਤਾਂ ਤੇ ਸਰੂਪ ਦੀ ਤਰਜ਼ਮਾਨੀ ਕਰਨ ਵਾਲੀ ਹੋਵੇ।

5) ਫਲਸਰੂਪ ਵੱਡੀ ਸੋਚ ਵਿਚਾਰ ਉਪਰੰਤ ਪ੍ਰੋਫੈਸਰ ਤੇਜਾ ਸਿੰਘ ਦੀ ਅਗਵਾਈ ਵਿਚ ਇਕ ਕਮੇਟੀ ਦਾ ਗਠਨ ਕੀਤਾ ਜਿਸ ਵਿਚ ਸਿੱਖ ਧਰਮ ਨਾਲ ਸਬੰਧਤ ਸੁਪ੍ਰਸਿੱਧ ਅਕਾਦਮੀਸ਼ੀਅਨ

ਅਤੇ ਸੁਜੱਗ ਸੰਪ੍ਰਦਾਈ ਸਿੱਖਾਂ ਦੀ ਇਕ 25 ਮੈਂਬਰੀ ਕਮੇਟੀ ਦੀ ਸਥਾਪਨਾ ਕਰ ਦਿੱਤੀ ਗਈ। ਇਸ ਕਮੇਟੀ ਦਾ ਨਾਮ 'ਰਹੁ-ਰੀਤ ਸਬ-ਕਮੇਟੀ' ਰੱਖਿਆ ਗਿਆ।

6) ਕਮੇਟੀ ਦੇ ਸਾਹਮਣੇ ਬਹੁਤ ਹੀ ਬਿਖੜਾ ਪੈਂਡਾ ਸੀ, ਵੱਡੀਆਂ ਵਿਰੋਧਤਾਵਾਂ ਸਨ। ਇਸ ਔਖੀ ਘਾਟੀ ਨੂੰ ਸਰ ਕਰਨਾ ਸੁਖੈਨ ਕਾਰਜ ਨਹੀਂ ਸੀ। ਅਸਫਲਤਾਵਾਂ ਕਦਮ ਕਦਮ ਤੇ ਸਨ ਪਰ ਸਫਲਤਾ ਦੀ ਆਸ ਬਹੁਤ ਘੱਟ ਨਜ਼ਰੀਂ ਆਉਂਦੀ ਸੀ। ਜੋ ਸਾਰਥਿਕ ਪਹਿਲੂ ਸੀ ਉਹ ਇਹ ਸੀ ਕਿ ਸਾਰੇ ਦੇ ਸਾਰੇ ਮੈਂਬਰ ਉੱਚ-ਪਾਏ ਦੇ ਵਿਦਵਾਨ, ਅਨਿੰਨ ਸ਼ਰਧਾਲੂ ਅਤੇ ਸਿਰੜੀ ਸਿੱਖ ਸਨ, ਜਿਨ੍ਹਾਂ ਵੱਲ ਸਾਰੀ ਕੌਮ ਵੱਡੀ ਆਸ ਦੀ ਨਿਗਾਹ ਨਾਲ ਵੇਖ ਰਹੀ ਸੀ।

7) ਕਮੇਟੀ ਦੀ ਪਹਿਲੀ ਮੀਟਿੰਗ ਅਕਾਲ ਤਖਤ ਸਾਹਿਬ ਉਤੇ 4-5 ਅਕਤੂਬਰ, 1931 ਨੂੰ ਹੋਈ ਜਿਸ ਵਿਚ ਇਸ ਦੇ ਆਰੰਭਕ ਖਰੜੇ ਦੀ ਤਿਆਰੀ ਲਈ ਕੁਝ ਨਿੱਗਰ ਫੈਸਲੇ ਲਏ ਗਏ ਅਤੇ ਦੋ ਮਹੀਨਿਆਂ ਲਈ ਲਗਾਤਾਰ ਰਹਿਤਨਾਮਿਆਂ ਨੂੰ ਗੁਰਬਾਣੀ ਦੀ ਕਸਵੱਟੀ ਤੇ ਨਿਰਖਣ ਪਰਖਣ ਦਾ ਫੈਸਲਾ ਲੈ ਲਿਆ ਗਿਆ। ਦੋ ਮਹੀਨਿਆਂ ਦੀ ਕਰੜੀ ਘਾਲ ਉਪਰੰਤ ਵਿਦਵਾਨਾਂ ਦੁਆਰਾ ਕੀਤੇ ਕਾਰਜ ਦੀ ਨਿਰਖ ਪਰਖ ਲਈ 3 ਜਨਵਰੀ 1932 ਨੂੰ ਕਮੇਟੀ ਫਿਰ ਅਕਾਲ ਤਖਤ ਸਾਹਿਬ ਤੇ ਇਕੱਤਰ ਹੋਈ। ਮੈਂਬਰ ਸਾਹਿਬਾਨ ਵੱਲੋਂ ਵੱਖ-ਵੱਖ ਤਿਆਰ ਕੀਤੇ ਖਰੜਿਆਂ 'ਤੇ ਲੰਮੀ ਵਿਚਾਰ ਚਰਚਾ ਹੋਈ ਅਤੇ ਅਖੀਰ ਸਰਬ-ਸੰਮਤੀ ਇਕ ਖਰੜਾ ਤਿਆਰ ਕਰ ਲਿਆ ਗਿਆ।

8) 31 ਜਨਵਰੀ 1932 ਨੂੰ ਰਹੁ-ਰੀਤ ਕਮੇਟੀ ਦੁਬਾਰਾ ਅਕਾਲ ਤਖਤ ਸਾਹਿਬ 'ਤੇ ਇਕੱਤਰ ਹੋਈ ਅਤੇ ਤਿਆਰ ਕੀਤੇ ਖਰੜੇ ਦੀਆਂ ਸੋਧੀਆਂ ਹੋਈਆਂ ਕਾਪੀਆਂ ਨੂੰ ਪ੍ਰਮੁੱਖ 21 ਸੰਸਥਾਵਾਂ ਅਤੇ 50 ਨਾਮਵਰ ਸਿੱਖਾਂ ਨੂੰ ਰਾਏ ਲਈ ਭੇਜ ਦਿੱਤਾ।

9) 26 ਸਤੰਬਰ, 1932 ਨੂੰ ਇਸ ਖਰੜੇ ਉਪਰ ਸੋਧ ਲਈ ਆਈਆਂ ਰਾਵਾਂ ਨੂੰ ਕਮੇਟੀ ਨੇ ਦੁਬਾਰਾ ਵਿਚਾਰਿਆ ਅਤੇ ਇਸ ਨੂੰ ਅੰਤਮ ਰੂਪ ਦਿੰਦਿਆਂ ਨਵੇਂ ਖਰੜੇ ਨੂੰ 1 ਅਕਤੂਬਰ 1932 ਨੂੰ ਸਮੁੱਚੇ ਖਾਲਸਾ ਪੰਥ ਦੀ ਰਾਏ ਜਾਨਣ ਲਈ ਜਾਰੀ ਕਰ ਦਿੱਤਾ।

10) ਖਾਲਸਾ ਪੰਥ ਦੀ ਰਾਏ ਉਪਰੰਤ ਆਏ ਸੁਝਾਵਾਂ ਦੀ ਪੁਨਰ ਸਮੀਖਿਆ ਕੀਤੀ ਗਈ ਅਤੇ ਸਿੱਖ ਰਹਿਤ ਮਰਯਾਦਾ ਦਾ ਪਹਿਲਾ ਅਜਿਹਾ ਖਰੜਾ ਤਿਆਰ ਕਰ ਲਿਆ ਜੋ ਗੁਰਬਾਣੀ ਦੀ ਕਸਵੱਟੀ 'ਤੇ ਖਰਾ ਉਤਰਦਾ ਪ੍ਰਵਾਨ ਕਰ ਲਿਆ ਗਿਆ ਸੀ।

11) ਪ੍ਰਸਤਾਵਤ ਖਰੜੇ ਨੂੰ ਕ੍ਰਮਵਾਰ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਨੇ ਮਤਾ ਨੰਬਰ 1, ਮਿਤੀ 1.8.1936 ਰਾਹੀਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਨੰਬਰ 149, ਮਿਤੀ 12.10.1936 ਰਾਹੀਂ ਕੁਝ ਰਾਏ ਅਤੇ ਸਿਫਾਰਸ਼ਾਂ ਸਹਿਤ ਰਹੁ-ਰੀਤ ਕਮੇਟੀ ਨੂੰ ਖਰੜਾ ਸੁਧਾਈ ਹਿਤ ਵਾਪਸ ਭੇਜ ਦਿੱਤਾ।

12) ਕਮੇਟੀ ਨੇ ਉਪਰੋਕਤ ਰਾਵਾਂ ਅਤੇ ਸੁਝਾਈਆਂ ਸਿਫਾਰਸ਼ਾਂ ਬਾਰੇ ਪੁਨਰ ਮੁਲਾਂਕਣ ਕੀਤਾ। ਵਿਦਵਾਨਾਂ ਅਤੇ ਸੰਪ੍ਰਦਾਈ ਸਿੱਖਾਂ ਦੀ ਇਸ ਕਮੇਟੀ ਵਿਚ ਕਿਤੇ ਕਿਤੇ ਵਿਚਾਰਕ ਮਤਭੇਦ ਵੀ ਪੈਦਾ ਹੋਏ, ਪਰ ਇਨ੍ਹਾਂ ਮਤਭੇਦਾਂ ਤੇ ਸਿਧਾਂਤਕ ਸਹਿਮਤੀ ਦਾ ਰਾਹ ਕੱਢ ਲਿਆ ਗਿਆ ਅਤੇ ਖਰੜੇ ਉਪਰ ਆਈਆਂ ਰਾਵਾਂ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪੁਨਰ ਨਿਰਖਣ ਪਰਖਣ ਤੋਂ ਬਾਅਦ ਯੋਗ ਤਬਦੀਲੀਆਂ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਬਮਿਟ ਕਰ ਦਿੱਤਾ।

13) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਸਲਾਹਕਾਰ ਬੋਰਡ ਨੇ ਮਿਤੀ 3.2.1945 ਨੂੰ ਮਤਾ ਨੰਬਰ 87 ਰਾਹੀਂ ਰਹੁ-ਰੀਤ ਕਮੇਟੀ ਦੇ ਸੋਧੇ ਖਰੜੇ ਨੂੰ ਪ੍ਰਵਾਨਗੀ ਦੇ ਕੇ ਲਾਗੂ ਕਰ ਦਿੱਤਾ।

14) ਸਪੱਸ਼ਟ ਹੈ ਕਿ ਲਗਭਗ 14 ਸਾਲ ਦੀ ਤਪੱਸਿਆ ਵਰਗੀ ਮਿਹਨਤ ਉਪਰੰਤ ਕਮੇਟੀ ਨੇ ਕੌਮੀਅਤ ਦੇ ਇਸ ਨਿਵੇਕਲੇ ਪ੍ਰਸੰਗ ਨੂੰ ਸਥਾਪਤ ਕਰ ਦਿੱਤਾ। ਇਨ੍ਹਾਂ ਸੁਲਝੇ ਹੋਏ ਪ੍ਰਬੁਧ ਵਿਦਵਾਨਾਂ ਅਤੇ ਗੁਰਮਤਿ ਸਿਧਾਂਤਾਂ ਨੂੰ ਪੂਰਨ ਤੌਰ 'ਤੇ ਸਮਰਪਿਤ ਰੂਹਾਂ ਨੂੰ ਖਾਲਸਾ ਪੰਥ ਸਦੈਵ ਨਤਮਸਤਕ ਹੁੰਦਾ ਰਹੇਗਾ, ਜਿਨ੍ਹਾਂ ਨੇ ਸਿੱਖ ਰਹਿਤ ਮਰਯਾਦਾ ਦੀ ਸਥਾਪਨਾ ਕਰ ਕੇ ਸਿੱਖਾਂ ਦੀ ਨਿਵੇਕਲੀ ਅਤੇ ਵੱਖਰੀ ਹੋਂਦ ਨੂੰ ਸਥਾਪਤ ਕਰਦਾ ਮਾਪਦੰਡ ਅਮਲ ਵਿਚ ਲੈ ਆਂਦਾ।

15) ਸਥਾਪਤ ਸਿੱਖ ਰਹਿਤ ਮਰਯਾਦਾ ਹਰੇਕ ਉਸ ਸਿੱਖ ਵਾਸਤੇ ਨਿਰਧਾਰਿਤ ਹੈ ਜੋ ਤਨ ਮਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਨੂੰ ਸਮਰਪਿਤ ਹੈ। ਇਸ ਮਰਯਾਦਾ ਦਾ ਸਬੰਧ ਕਿਸੇ ਇਕੱਲੇ ਵਿਸ਼ੇਸ਼ ਵਿਅਕਤੀ, ਸੰਪ੍ਰਦਾ, ਟਕਸਾਲ, ਦਲ, ਜਥੇਬੰਦੀ, ਸਭਾ, ਸੁਸਾਇਟੀ ਜਾਂ ਸੰਸਥਾ ਆਦਿ ਨਾਲ ਨਹੀਂ ਸਗੋਂ ਸਮੁੱਚੇ ਸਿੱਖ ਸੰਸਾਰ ਨਾਲ ਹੈ। **ਇਸੇ ਲਈ ਇਸ ਸਿੱਖ ਰਹਿਤ ਮਰਯਾਦਾ ਦੇ ਮੂਲ ਵਿਧਾਨ ਵਿਚ ਕਿਸੇ ਵੀ ਇਕੱਲੇ ਵਿਅਕਤੀ ਜਾਂ ਵਿਸ਼ੇਸ਼ ਸੰਸਥਾ ਨੂੰ ਮਨਮਰਜ਼ੀ ਨਾਲ ਤਬਦੀਲੀ ਕਰਨ ਦਾ ਕੋਈ ਨਿਸ਼ਚਿਤ ਵਿਧਾਨ ਨਹੀਂ ਹੈ।**

16) ਨਿਰਧਾਰਿਤ ਸਿੱਖ ਰਹਿਤ ਮਰਯਾਦਾ ਦਾ ਆਰੰਭ ਹੀ 'ਸਿੱਖ' ਦੀ ਤਰੀਫ਼ ਨਾਲ ਹੁੰਦਾ ਹੈ ਜਿਸ ਤੋਂ ਸਿੱਖ ਦੀ ਵਿਲੱਖਣ ਹਸਤੀ ਦਾ ਪਤਾ ਚਲਦਾ ਹੈ ਕਿ ਅਸੀਂ ਔਰਤ ਜਾਂ ਪੁਰਖ ਰੂਪ ਵਿਚ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਉਨ੍ਹਾਂ ਦੀ ਸਿੱਖਿਆ ਅਤੇ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਪਾਤਸ਼ਾਹ ਹਜ਼ੂਰ ਦੇ ਖੰਡੇ-ਬਾਟੇ ਦੇ ਅੰਮ੍ਰਿਤ ਤੇ ਅਤੁੱਟ ਨਿਸ਼ਚਾ ਰੱਖਦਿਆਂ ਕਿਸੇ ਵੀ ਹੋਰ ਧਰਮ ਵਿਚ ਵਿਸ਼ਵਾਸ ਨਹੀਂ ਰੱਖਦੇ। ਅਜਿਹੀ ਜੀਵਨ ਸ਼ੈਲੀ ਹੀ

ਸਾਨੂੰ ਸਿੱਖ ਅਖਵਾਉਣ ਦਾ ਹੱਕ ਦਿੰਦੀ ਹੈ। ਕੋਈ ਵੀ ਸਿੱਖ 'ਸਿੱਖ ਰਹਿਤ ਮਰਯਾਦਾ' ਦੀ ਇਸ 'ਰਾਮਕਰ' ਦਾ ਉਲੰਘਣ ਨਹੀਂ ਕਰ ਸਕਦਾ।

17) ਨਿਰਸੰਦੇਹ 'ਸਿੱਖ ਰਹਿਤ ਮਰਯਾਦਾ' ਸੰਖੇਪ ਜਿਹਾ ਇਕ ਵਿਧਾਨ ਹੈ, ਪਰ ਹੈ ਬੇਹੱਦ ਮਹੱਤਵਪੂਰਨ, ਕਿਉਂਕਿ ਇਸ ਨੂੰ ਗੁਰੂ ਪੰਥ ਦੀ ਪ੍ਰਵਾਨਗੀ ਹਾਸਲ ਹੈ। ਪੰਥਕ ਜੀਵਨ ਵਿਚ ਇਸਦੀ ਮਹੱਤਤਾ ਦਾ ਅੰਦਾਜ਼ਾ ਹਰ ਸਿੱਖ ਵੱਲੋਂ ਕੀਤੀ ਜਾਂਦੀ ਅਰਦਾਸ ਦੇ ਇਨ੍ਹਾਂ ਸ਼ਬਦਾਂ ਤੋਂ ਹੋ ਜਾਂਦਾ ਹੈ:

> "ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਦਰਸ਼ਨ..."

ਅਰਦਾਸ ਦੇ ਇਸ ਬੰਦ ਵਿਚ 'ਰਹਿਤ ਦਾਨ' ਦੀ ਯਾਚਨਾ, ਸਿੱਖੀ ਦਾਨ, ਕੇਸ ਦਾਨ, ਨਾਮ ਦਾਨ ਅਤੇ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਨਾਲ ਕੀਤੀ ਗਈ ਹੈ।

18) ਰਹਿਤ ਮਰਯਾਦਾ ਦੇ ਪ੍ਰਸੰਗ ਵਿਚ ਇਹ ਮਹੱਤਵਪੂਰਨ ਗੱਲ ਸਮਝਣ ਦੀ ਲੋੜ ਹੈ ਕਿ ਸਿੱਖ ਦਾ ਸਮੁੱਚਾ ਜੀਵਨ ਪੰਥਕ ਜੀਵਨ ਹੈ। ਸਿੱਖ ਰਹਿਤ ਮਰਯਾਦਾ ਵਿਚ ਵਿਅਕਤੀ ਵਿਸ਼ੇਸ਼ ਨੂੰ ਕੋਈ ਮਹੱਤਵ ਹੀ ਨਹੀਂ ਦਿੱਤਾ ਜਾਂਦਾ। ਸਿੱਖ ਬੱਚੇ ਦੇ ਜਨਮ ਤੋਂ ਲੈ ਕੇ ਅੰਤਮ ਰਸਮਾਂ ਤੱਕ ਉਹ ਪੰਥ ਦਾ ਅਨਿੱਖੜ ਅੰਗ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਇਸੇ ਕਰਕੇ ਸਿੱਖ ਲਈ ਸਖਸ਼ੀ ਧਰਮ ਪੂਰਾ ਕਰਦਿਆਂ ਪੰਥਕ ਫਰਜ਼ ਵੀ ਪੂਰੇ ਕਰਨੇ ਜ਼ਰੂਰੀ ਹਨ।

19) ਇਥੇ ਮੈਂ ਰਹਿਤ ਦੇ ਉਪਰੋਕਤ ਸੰਕਲਪੀ ਪ੍ਰਸੰਗ ਵਿਚ ਤੁਹਾਡੇ ਨਾਲ ਇਕ ਹੋਰ ਗੱਲ ਸਾਂਝੀ ਕਰਨੀ ਚਾਹਾਂਗਾ ਕਿ ਸਿੱਖ ਰਹਿਤ ਮਰਯਾਦਾ ਦਾ ਬਾਕੀ ਧਰਮਾਂ ਦੀਆਂ ਮਰਯਾਦਾਵਾਂ ਦੇ ਪ੍ਰਸੰਗ ਵਿਚ ਵਿਲੱਖਣ ਪੱਖ ਇਹ ਹੈ ਕਿ ਇਹ ਮਰਯਾਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਧਾਰਨ ਕੀਤੀ ਵਚਨਬੱਧਤਾ ਹੈ। ਅਜਿਹੀ ਮਰਯਾਦਾ ਜੋ ਆਪਣੇ ਅਸਲ ਨਾਲੋਂ ਟੁੱਟੀ ਹੋਵੇ, ਅਮਲੀ ਪ੍ਰਸੰਗ ਸਥਾਪਤ ਨਹੀਂ ਕਰ ਸਕਦੀ ਅਤੇ ਉਹ ਰਹਿਤ ਮਹਿਜ ਧਾਰਮਿਕ ਰਸਮ ਬਣਕੇ ਰਹਿ ਜਾਂਦੀ ਹੈ, ਜਿਸਦੀ ਸਾਰਥਿਕਤਾ ਸਬੰਧਤ ਧਰਮ ਦੇ ਲੋਕਾਂ ਦੀ ਜ਼ਿੰਦਗੀ ਵਿਚ ਮਨਫ਼ੀ ਹੋ ਜਾਂਦੀ ਹੈ ਅਤੇ ਉਸ ਧਰਮ ਦੇ ਧਾਰਨੀ ਦਿਖਾਵੇ ਦੇ ਮਜੋਰ ਬਣ ਕੇ ਰਹਿ ਜਾਂਦੇ ਹਨ। ਭਾਰਤੀ ਧਾਰਮਿਕ ਖੇਤਰ ਵਿਚ ਸਿੱਖ ਧਰਮ ਦੇ ਪ੍ਰਕਾਸ਼ ਵੇਲੇ ਹਾਲਾਤ ਅਜਿਹੇ ਹੀ ਸਨ। ਉਨ੍ਹਾਂ ਦੀ ਮਰਯਾਦਾ ਵਿਚ ਵਿਅਕਤੀਗਤ ਉਤਮਤਾ ਦੀ ਪ੍ਰਤੀਨਿਧਤਾ ਤੇ ਬਣਦੀ ਨਜ਼ਰ ਆਉਂਦੀ ਸੀ, ਪਰ ਇਨਸਾਨੀਅਤ ਦੀ ਪ੍ਰਤੀਨਿਧਤਾ ਦਾ ਸਵਾਲ ਉਸ ਵਿਚੋਂ ਗੁੰਮ ਸੀ। ਇਸਲਾਮ ਅਤੇ ਹਿੰਦੂ ਧਰਮ ਦੇ ਪ੍ਰਤੀਨਿਧ ਸੱਚ ਤੋਂ ਪਰ੍ਹੇ ਹੋ ਕੇ ਅਜਬ ਸਮੱਸਿਆਵਾਂ ਦੇ ਜੰਗਲ ਵਿਚ ਉਲਝੇ ਹੋਏ ਸਨ। ਇਨ੍ਹਾਂ ਧਰਮਾਂ ਦੁਆਰਾ ਨਿਰਧਾਰਿਤ ਰਹਿਤ

ਭੇਖ ਤੱਕ ਸੀਮਿਤ ਹੋ ਗਈ ਅਤੇ ਬਾਹਰੀ ਭੇਖ ਤੱਕ ਸੀਮਿਤ ਹੋਣ ਕਰਕੇ ਸਤਿ ਨਾਲੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਸੀ। ਫਲਸਰੂਪ ਮਨੁੱਖ ਭੂਤ ਅਤੇ ਭਵਿੱਖ ਦੇ ਚੱਕਰ ਵਿਚ ਉਲਝਕੇ ਆਪਣਾ ਵਰਤਮਾਨ ਗਵਾ ਚੁੱਕਾ ਸੀ। ਸਮਾਜ ਵਿਚ ਵੱਡਾ ਖਲਾਅ ਪੈਦਾ ਹੋ ਗਿਆ ਸੀ। ਜਨਤਾ ਅਗਿਆਨਤਾ ਦਾ ਸ਼ਿਕਾਰ ਹੋ ਚੁੱਕੀ ਸੀ। ਇਹ ਖਲਾਅ ਸਿੱਖ ਧਰਮ ਨੇ ਪੂਰਾ ਕੀਤਾ ਅਤੇ ਪਹਿਲੀ ਵਾਰ ਭੂਤ ਅਤੇ ਭਵਿੱਖ ਨੂੰ ਛੱਡ ਕੇ ਵਰਤਮਾਨ ਦੀ ਸਥਾਪਤੀ ਨੂੰ ਲੋਕ ਮਾਨਸਿਕਤਾ ਦਾ ਹਿੱਸਾ ਬਣਾਇਆ ਤੇ ਉਸ ਲਈ ਮਰਯਾਦਾਬੱਧ ਸਿਧਾਂਤਕ ਪ੍ਰਸੰਗ ਤੇ ਅਮਲ ਦੀ ਸਥਾਪਨਾ ਕਰ ਦਿੱਤੀ ਗਈ।

ii

ਧਰਮਾਂ ਦੇ ਪ੍ਰਸੰਗ ਵਿਚ ਸਿੱਖ ਧਰਮ ਸੰਸਾਰ ਦੇ ਮਹੱਤਵਪੂਰਨ ਧਰਮਾਂ ਵਿਚ ਇਕ ਨਵਾਂ ਧਰਮ ਅਤੇ ਸਿੱਖ ਨਿਵੇਕਲੀ ਕੌਮ ਹੈ। ਇਹ ਆਪਣੇ ਵਿਲੱਖਣ, ਆਲੌਕਿਕ, ਲੋਕ ਹਿਤਕਾਰੀ ਅਤੇ ਸਰਬੱਤ ਦੇ ਭਲੇ ਦੇ ਵਿਲੱਖਣ ਸਿਧਾਂਤਾਂ ਕਰਕੇ ਵਿਸ਼ਵ ਧਰਮਾਂ ਅਤੇ ਕੌਮੀਅਤਾਂ ਵਿਚ ਆਪਣੀ ਵੱਖਰੀ ਪਹਿਚਾਣ ਸਥਾਪਤ ਕਰ ਚੁੱਕਿਆ ਹੈ। ਇਸ ਧਰਮ ਦਾ ਇਤਿਹਾਸਕ ਪ੍ਰਗਟਾਅ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸੰਸਾਰੀ ਆਗਮਨ ਨਾਲ ਹੋਇਆ। ਇਨ੍ਹਾਂ ਤੇ ਅਵਤਰਣ ਹੋਏ 'ਦੈਵੀ ਨਾਦ' ਦੇ ਪ੍ਰਕਾਸ਼ ਵਿਚ ਸਿੱਖ ਧਰਮ ਦਾ ਜਨਮ ਹੁੰਦਾ ਹੈ ਅਤੇ ਇਸ ਦੈਵੀ ਨਾਦ ਦੀ ਦਿਸ਼ਾ ਨਿਰਦੇਸ਼ (ਰਹਿਤ ਮਰਯਾਦਾ) ਵਿਚ ਚੱਲਣ ਵਾਲੇ ਪਾਂਧੀਆਂ ਦੀ ਪਹਿਚਾਣ ਸਿੱਖ ਦੇ ਤੌਰ 'ਤੇ ਕੀਤੀ ਜਾਂਦੀ ਹੈ। ਇਨ੍ਹਾਂ ਦੀ ਅਲਬੇਲੀ ਬਾਹਰੀ ਦਿੱਖ, ਨਿਵੇਕਲਾ ਕਾਰ-ਵਿਹਾਰ, ਅਜਬ ਸੁਭਾਅ ਅਤੇ ਚਰਿੱਤਰ ਸਿੱਖੀ ਸਿਧਾਂਤਾਂ ਦੇ ਅਮਲ ਵਿਚ ਉਤਰਨ ਦੇ ਦੀਦਾਰੇ ਕਰਵਾਉਂਦੇ ਹਨ। **ਸਿਧਾਂਤ ਦਾ ਅਮਲੀ ਪ੍ਰਕਾਸ਼ਨ ਜਾਂ ਖਾਲਸਾਈ ਰਹਿਤ ਦੀ ਆਖੰਡ ਧਾਰਾ ਨਾਲ ਜੁੜੇ ਇਸ ਮਨੁੱਖ ਦੇ ਦੀਦਾਰੇ ਪ੍ਰੋ. ਪੂਰਨ ਸਿੰਘ ਦੇ ਮਹਾਂ-ਕਾਵਿ ਵਿਚ ਇਸ ਤਰ੍ਹਾਂ ਹੁੰਦੇ ਹਨ:**

ਪਿਆਰ ਨਾਲ ਇਹ ਕਰਨ ਗੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾਲ ਮੰਨਣ ਕਿਸੀ ਦੀ
ਖਲੋ ਜਾਣ ਡਾਂਗਾ ਮੋਢੇ ਤੇ ਉਲਾਰਕੇ
ਮੰਨਣ ਬੱਸ ਇਕ ਆਪਣੀ ਜਵਾਨੀ ਦੇ ਜ਼ੋਰ ਦੀ
ਅਖੜਖਾਂਦ ਅਲਬੇਲੇ
ਧੁਰ ਥੀਂ ਸਤਿਗੁਰਾਂ ਦੇ ਆਜ਼ਾਦ ਕੀਤੇ
ਇਹ ਬੰਦੇ।

**ਅਜਿਹੀ ਵਿਲੱਖਣ ਮਾਨਸਿਕਤਾ ਵਾਲੀ ਕੌਮੀਅਤ ਦੀ ਸਿਰਜਣਾ ਅਤੇ ਉਸਨੂੰ ਇਕ ਨਿਵੇਕਲੀ ਰਹਿਤ-ਬਹਿਤ (code of conduct) ਪ੍ਰਕਿਰਿਆ ਵਿਚ ਬੰਨ੍ਹਣ ਲਈ ਪੈਗੰਬਰ (ਧਰਮ ਬਾਨੀ) ਅਤੇ ਉਨ੍ਹਾਂ ਉਪਰ ਉਤਰੇ ਰੱਬੀ ਬੋਲ ਕੇਂਦਰੀ ਭੂਮਿਕਾ ਨਿਭਾਉਂਦੇ ਹਨ।** ਰੱਬੀ ਬਾਣੀ ਦੇ ਲਿਖਤ ਸੰਗ੍ਰਹਿ ਨੂੰ ਹੀ ਧਰਮ ਗ੍ਰੰਥ ਦੀ ਸੰਗਿਆ ਨਾਲ ਨਿਵਾਜਿਆ ਜਾਂਦਾ ਹੈ। ਪਵਿੱਤਰ ਧਰਮ ਗ੍ਰੰਥ ਵਿਚ ਅੰਕਿਤ ਸਿਧਾਂਤਾਂ 'ਤੇ ਚਲਦਿਆਂ ਮਨੁੱਖ ਮਹਿਜ ਪਰਮਾਤਮ ਰਹੱਸ ਤੋਂ ਹੀ ਜਾਣੂ ਨਹੀਂ ਸੀ ਹੁੰਦਾ, ਸਗੋਂ ਉਹ ਇਕ ਅਜਿਹੇ ਸੰਵਿਧਾਨਕ ਨਿਯਮਾਵਲੀ (ਰਹਿਤ ਮਰਯਾਦਾ) ਵਿਚ ਵੀ ਬੱਝ ਜਾਂਦਾ ਹੈ। ਇਯ ਨਿਯਮਾਵਲੀ ਦੇ ਅੰਤਰਗਤ ਉਸ ਕੋਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੀ ਕੌਮੀਅਤ ਦੇ ਵੱਖਰੇ ਪ੍ਰਸੰਗ ਨੂੰ ਸਥਾਪਤ ਕਰੇ ਅਤੇ ਆਪਣੀ ਧਾਰਮਿਕ ਪਹਿਚਾਣ ਨੂੰ ਵੀ ਸਾਹਮਣੇ ਲਿਆਉਣ ਲਈ ਸਰਗਰਮ ਭੂਮਿਕਾ ਨਿਭਾਵੇ।

ਇਹ ਗੱਲ ਬਹੁਤ ਹੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਕਿਸੇ ਵੀ ਇਲਹਾਮ (ਬਾਣੀ) ਦੁਆਰਾ ਸਥਾਪਤ ਰਹਿਤ ਮਰਯਾਦਾ ਦੀ ਵਿਲੱਖਣਤਾ ਇਸ ਗੱਲ ਵਿਚ ਹੁੰਦੀ ਹੈ ਕਿ ਉਹ ਆਪਣੀ ਨਿਯਮਾਵਲੀ ਦੁਆਰਾ ਸੋਧਤ ਕਿਹੋ ਜਿਹੇ ਵਿਅਕਤਿਤਵ ਦੀ ਘਾੜਤ ਘੜਦੀ ਹੈ। ਬਾਣੀ ਦੁਆਰਾ ਸਿਰਜਤ ਖਾਲਸਾਈ ਰਹਿਤ ਮਰਯਾਦਾ ਨੇ ਆਪਣੇ ਧਰਮ ਦੇ ਪੈਰੋਕਾਰਾਂ ਨੂੰ ਨਿਰਭਓ, ਨਿਰਵੈਰੀ ਕੀਮਤਾਂ ਦਾ ਮਾਲਕ ਬਣਾ ਕੇ ਸਦੀਆਂ ਤੋਂ ਦੱਬੀ ਕੁਚਲੀ ਲੋਕਾਈ ਨੂੰ ਮਨੁੱਖ ਹੋਣ ਦਾ ਅਹਿਸਾਸ ਹੀ ਨਹੀਂ ਸੀ ਕਰਾਇਆ ਸਗੋਂ 'ਪਤ ਸੇਤੀ' ਜ਼ਿੰਦਗੀ ਜਿਉਣ ਲਈ 'ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੇ ਖੇਤਿ' ਦੀ ਨਵੀਂ ਮਰਯਾਦਾ ਦਾ ਸਿਧਾਂਤਕ ਮਾਰਗ ਵੀ ਪ੍ਰਦਾਨ ਕਰਵਾ ਦਿੱਤਾ ਸੀ। ਇਹ ਮਾਰਗ ਨਵੀਂ ਅਤੇ ਸਨਮਾਨਜਨਕ ਜ਼ਿੰਦਗੀ ਦਾ ਸੀ, ਸਿਰ ਉੱਚਾ ਚੁੱਕ ਕੇ ਮੜ੍ਹਕ ਨਾਲ ਤੁਰਨ ਦਾ ਸੀ, ਮਨੁੱਖੀ ਖੇੜੇ ਦਾ ਸੀ, ਸਰਬਤਰ ਦੀ ਆਜ਼ਾਦੀ ਦਾ ਸੀ, ਕੁਲ ਸੰਸਾਰੀ ਰੋਕਾਂ ਤੇ ਮਨਾਹੀਆਂ ਨੂੰ ਢਾਹ ਕੇ ਗੁਰਮਤਿ ਗਣਰਾਜ (ਪਰਮਾਤਮਾ ਦੀ ਇਕਤਾ ਤੋਂ ਮਨੁੱਖ ਦੀ ਏਕਤਾ ਤੇ ਆਜ਼ਾਦੀ ਦਾ ਸੰਕਲਪ, ਜਿਸ ਦਾ ਸੰਵਿਧਾਨਿਕ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ), ਦੀ ਸਥਾਪਨਾ ਦਾ ਸੀ, ਜਨ ਸਧਾਰਨ ਦੇ ਮਸਤਕ ਵਿਚ ਇਕ ਨਵੀਂ ਸਵੇਰ ਦੀ ਚਿਣਗ ਵੀ ਪੈਦਾ ਕਰ ਦਿੱਤੀ ਸੀ ਅਤੇ ਸਹਿਮ ਦੇ ਸਾਏ ਹੇਠ ਜੀਅ ਰਹੀ ਲੋਕਾਈ ਨੂੰ ਸਿਰ ਉੱਚਾ ਚੁੱਕ ਕੇ ਚੱਲਣ ਦਾ ਵੱਲ਼ ਵੀ। ਨਾਲ ਦੀ ਨਾਲ ਇਸ ਚੇਤਨਾ ਨੂੰ ਵੀ ਲੋਕ ਮਨਾਂ ਦਾ ਹਿੱਸਾ ਬਣਾ ਦਿੱਤਾ ਸੀ ਕਿ ਬੁਰਾਈ ਦੇ ਖਾਤਮੇ ਲਈ ਤਲਵਾਰ ਦੇ ਮੁੱਠੇ ਨੂੰ ਹੱਥ ਪਾਉਣਾ ਵਾਜਬ ਹੈ ਅਤੇ ਹਰ ਬੁਰਾਈ ਨੂੰ ਖਤਮ ਕਰਕੇ ਨਿਰਭੈਅ ਹੋ ਕੇ ਵਿਚਰਨਾ ਸਿੱਖਾਂ ਦੀ ਧਾਰਮਿਕ ਪੁਖਤਗੀ ਵਾਸਤੇ ਜ਼ਰੂਰੀ ਹੈ। ਇਸ ਰਹਿਤ ਮਰਯਾਦਾ ਦੇ ਸਿਧਾਂਤਕ ਪ੍ਰਸੰਗ ਦਾ ਆਗਾਜ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ:

ਚੂੰ ਕਾਰ ਅਜ਼ ਹਮ ਹੀਲਤੇ ਦਰ ਗੁਜਸਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਸਿੱਖ ਧਰਮ ਦੇ ਬਾਨੀ ਇਸ ਗੱਲ ਤੋਂ ਚੇਤੰਨ ਸਨ ਕਿ ਕਿਸੇ ਵੀ ਦੇਸ਼ ਜਾਂ ਕੌਮ ਦੀ ਆਤਮਾ ਆਜ਼ਾਦ ਅਤੇ ਉਸਾਰੂ ਅਧਿਆਤਮਕ ਵਾਯੂ-ਮੰਡਲ ਵਿਚ ਹੀ ਪ੍ਰਫੁਲਤ ਹੋ ਸਕਦਾ ਹੈ। ਪਰ ਹਿੰਦੋਸਤਾਨ ਦੇ ਲੋਕਾਂ ਦੀ ਆਤਮਾ ਸਿੱਖ ਧਰਮ ਦੇ ਆਗਮਨ ਵੇਲੇ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਨ ਤੋਂ ਪੂਰੀ ਤਰ੍ਹਾਂ ਅਸਮਰੱਥ ਹੋ ਗਈ ਸੀ। ਹਿੰਦੋਸਤਾਨੀਆਂ ਦੇ ਮਨਾਂ ਵਿਚ ਕਮਜ਼ੋਰੀ, ਨਿਰਾਸਤਾ ਤੇ ਫੁੱਟ ਦੇ ਕਾਲੇ ਬੱਦਲਾਂ ਨੇ ਮਾਨਵ ਨੂੰ ਐਨਾ ਹੀਣਤਾ ਵੱਲ ਧੱਕ ਦਿੱਤਾ ਸੀ ਕਿ ਉਨ੍ਹਾਂ ਨੇ ਗੁਲਾਮੀ ਦੀ ਘੁਟਣ ਨੂੰ ਹੀ ਜੀਵਨ ਤਸੱਵਰ ਕਰ ਲਿਆ ਸੀ। ਸਮਾਜਿਕ ਉਥਲ-ਪੁਥਲ ਵਾਲੀ ਅਜਿਹੀ ਨਾਜ਼ਕ ਸਥਿਤੀ ਵਿਚ ਹਿੰਦੋਸਤਾਨ ਦੀ ਧਰਤੀ ਉਤੇ ਉਸੇ ਸਮੇਂ ਗੁਰੂ ਨਾਨਕ ਪਾਤਸ਼ਾਹ ਦਾ ਆਗਮਨ ਹੋਇਆ। ਜਿਸ ਨੂੰ ਭਾਈ ਗੁਰਦਾਸ ਨੇ 'ਮਿਟੀ ਧੁੰਦ ਜਗ ਚਾਨਣ ਹੋਇਆ' ਦੇ ਸਿਧਾਂਤਕ ਪ੍ਰਸੰਗ ਨਾਲ ਰੂਪਮਾਨ ਕੀਤਾ ਹੋਇਆ ਹੈ। ਉਨ੍ਹਾਂ ਦਾ ਆਗਮਨ ਹੀ ਸਿੱਖ ਧਰਮ ਦਾ ਉਦੈ ਸੀ। ਸਿੱਖ ਧਰਮ ਦੇ ਉਦੈ ਨਾਲ ਸਾਹਮਣੇ ਆਏ ਸਿਧਾਂਤਕ ਪ੍ਰਸੰਗ ਵਿਚੋਂ ਹੀ ਖਾਲਸਾਈ ਰਹਿਤ ਦਾ ਨਿਰਮਾਣ ਹੁੰਦਾ ਹੈ ਅਤੇ ਇਸੇ ਰਹਿਤ ਨੂੰ ਅੰਗੀਕਾਰ ਕਰਕੇ ਖਾਲਸੇ ਨੇ ਇਸ ਧਰਤਿ ਤੇ ਸ਼ੋਸ਼ਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਥਾਪਿਤ ਕੀਤਾ ਅਤੇ ਲੋਕਾਂ ਨੇ ਸਿਰ ਉੱਚਾ ਚੁੱਕ ਕੇ ਤੁਰਨ ਦਾ ਜੇਰ ਕਰ ਲਿਆ।

iii

ਕਿਸੇ ਵੀ ਧਾਰਮਿਕ ਇਕਾਈ ਦੀ ਵੱਖਰੀ ਪਛਾਣ ਅਤੇ ਕੌਮੀਅਤ ਦੀ ਆਜ਼ਾਦ ਹੋਂਦ ਹਸਤੀ ਲਈ ਪੰਜ ਮਾਪਦੰਡ ਪ੍ਰਵਾਨ ਕਰ ਲਏ ਗਏ ਹਨ। ਇਨ੍ਹਾਂ ਪੰਜਾਂ ਦਾ ਕਿਸੇ ਨਾ ਕਿਸੇ ਰੂਪ ਵਿਚ ਵੇਰਵਾ ਯੂਨੈਸਕੋ ਚਾਰਟਰ ਵਿਚ ਕੌਮਾਂ ਨਾਲ ਸਬੰਧਤ ਪ੍ਰਸੰਗ ਵਿਚ ਮਿਲ ਜਾਂਦਾ ਹੈ। ਨਿਰਧਾਰਿਤ ਪੰਜ ਮਾਪਦੰਡ ਇਸ ਪ੍ਰਕਾਰ ਹਨ:

1) ਪੈਗ਼ੰਬਰ
2) ਲਿਪੀ
3) ਧਰਮ ਗ੍ਰੰਥ
4) ਰਹਿਤ
5) ਸਰੂਪ

ਧਰਮ ਦੀ ਸਦੀਵਤਾ, ਮਨੁੱਖ ਦੀ ਉਤਮਤਾ ਅਤੇ ਧਰਮ ਦੇ ਸੰਸਥਾਪਕ ਰੂਪ ਵਿਚ ਇਨ੍ਹਾਂ ਦਾ ਬਹੁਤ ਹੀ ਮਹੱਤਵਪੂਰਨ ਰੋਲ ਪ੍ਰਵਾਨ ਕੀਤਾ ਗਿਆ ਹੈ। ਇਹ ਪੰਜ ਮਾਪਦੰਡ ਸਿੱਖ ਧਰਮ ਦੇ ਇਤਿਹਾਸਕ ਪ੍ਰਗਟਾ ਵਿਚ ਨਿਹਿਤ ਹਨ। ਗੁਰੂ ਨਾਨਕ ਪਾਤਸ਼ਾਹ ਸਿੱਖ ਧਰਮ ਦੀ ਪੈਗ਼ੰਬਰੀ ਅਜ਼ਮਤ ਹੈ ਅਤੇ ਨੌਂ ਹੋਰ ਗੁਰੂ ਪਾਤਸ਼ਾਹ ਉਨ੍ਹਾਂ ਦੇ ਉਤਰਾਧਿਕਾਰੀ। ਸਿੱਖਾਂ ਦੀ ਆਪਣੀ ਲਿਪੀ ਹੈ ਜੋ 'ਗੁਰਮੁਖੀ' ਦੇ ਨਾਂ ਨਾਲ ਜਾਣੀ ਜਾਂਦੀ ਹੈ। ਸਿੱਖ ਧਰਮ ਦਾ ਆਪਣਾ ਪਵਿੱਤਰ ਧਰਮ ਗ੍ਰੰਥ ਹੈ,

ਜੋ ਸੰਸਾਰੀ ਧਰਮ ਗ੍ਰੰਥਾਂ ਦੀ ਲੜੀ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਿੱਖਾਂ ਦੀ ਆਪਣੀ ਰਹਿਤ (code of conduct) ਹੈ, ਜਿਸ ਨੂੰ 'ਰਹਿਤ ਮਰਯਾਦਾ' ਸਿਰਲੇਖ ਹੇਠ ਖਾਲਸਾ ਪੰਥ ਦੀ ਪ੍ਰਵਾਨਗੀ ਹਾਸਲ ਹੈ। ਸਿੱਖ ਧਰਮ ਦੇ ਪੈਰੋਕਾਰਾਂ ਦਾ ਆਪਣਾ ਨਿਵੇਕਲਾ ਤੇ ਆਕਰਸ਼ਕ ਸਰੂਪ ਹੈ, ਜੋ 1699 ਦੀ ਵਿਸਾਖੀ ਨੂੰ ਦਸਮ ਪਾਤਸ਼ਾਹ ਹਜ਼ੂਰ ਨੇ ਗੁਰੂ ਨਾਨਕ ਪਾਤਸ਼ਾਹ ਹਜ਼ੂਰ ਦੇ ਸਿਧਾਂਤਾਂ ਨੂੰ ਅਮਲ ਵਿਚ ਢਾਲਦੇ ਹੋਏ ਇਕ ਖਾਸ ਪੰਜ ਕਕਾਰੀ ਮਰਯਾਦਾ ਵਿਚ ਬੰਨ੍ਹ ਦਿੱਤਾ ਸੀ।

ਸਿੱਖ ਧਰਮ ਕੋਈ ਸੁਧਾਰਕ ਲਹਿਰ ਜਾਂ ਕਿਸੇ ਹੋਰ ਧਰਮ ਦਾ ਸਮਨਵੈ ਨਹੀਂ ਸੀ ਕਿ ਇਸ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਸਮਕਾਲੀਨ ਧਰਮਾਂ ਵਿਚ ਆਈਆਂ ਤਰੁੱਟੀਆਂ ਦੂਰ ਕਰਦੇ ਅਤੇ ਇਸ ਦੁਨੀਆਂ ਤੋਂ ਚਲੇ ਜਾਂਦੇ। ਗੁਰੂ ਨਾਨਕ ਪਾਤਸ਼ਾਹ ਨੇ ਪਰੰਪਰਾਗਤ ਧਰਮਾਂ ਦੇ ਸਿਧਾਂਤਾਂ ਨੂੰ ਮੰਨਣ ਤੋਂ ਇਨਕਾਰ ਕਰਦਿਆਂ ਅਜਿਹੇ ਸਿਧਾਂਤਾਂ ਦੀ ਨੀਂਹ ਰੱਖੀ ਸੀ, ਜਿਹੜੇ ਮਨੁੱਖਤਾ ਦੀ ਲੁੱਟ ਦਾ ਰਸਤਾ ਖੋਲ੍ਹਣ ਵਾਲੇ ਸਿਧਾਂਤਾਂ ਨੂੰ ਮੁੱਢ ਤੋਂ ਨਕਾਰਦੇ ਅਤੇ ਚਕਨਾਚੂਰ ਕਰਦੇ ਹੋਏ ਨਵੇਂ ਮਨੁੱਖ, ਨਵੇਂ ਸਮਾਜ ਅਤੇ ਨਵੇਂ ਰਾਸ਼ਟਰ ਦੀ ਸਿਰਜਨਾ ਕਰਨ ਵਾਲੇ ਸਿਧਾਂਤਾਂ ਦੇ ਪੂਰਨੇ ਪਾਉਂਦੇ ਸਨ। ਇਸ ਗੱਲ ਦਾ ਸਪੱਸ਼ਟ ਪ੍ਰਗਟਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਹਿਤ ਬਾਣੀ ਤੋਂ ਹੋ ਜਾਂਦਾ ਹੈ। ਗੁਰੂ ਫੁਰਮਾਨ ਹੈ:

ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥੪॥ (ਅੰਕ 1136)

ਸਪੱਸ਼ਟ ਹੈ ਕਿ ਸਿੱਖ ਧਰਮ ਇਕ ਸੁਤੰਤਰ ਧਰਮ ਸਥਾਪਨਾ ਹੈ ਅਤੇ ਗੁਰੂ ਨਾਨਕ ਦੇਵ ਜੀ ਇਸ ਦੇ 'ਰਹਿਬਰ'। ਸਿੱਖ ਧਰਮ ਦਾ ਮੂਲ ਆਧਾਰ ਬਾਣੀ ਹੈ। ਇਸ ਦਾ ਪ੍ਰਗਟਾਅ 'ਵੇਈਂ ਪ੍ਰਵੇਸ਼' ਤੋਂ ਮੰਨਿਆ ਜਾ ਸਕਦਾ ਹੈ। ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ ਕਿ ਸਿੱਖ ਧਰਮ ਦਾ ਬਾਣੀ ਪ੍ਰਕਾਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਡੇ ਸਾਹਮਣੇ ਹੈ। ਇਸ ਦੀ ਨਿਰੰਤਰਤਾ ਗੁਰੂ

ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤੱਕ ਹੈ। ਇਸ ਨੂੰ ਬਾਣੀ ਵਿਚ 'ਜੋਤਿ ਅਤੇ ਜੁਗਤਿ' ਦੀ ਸੰਗਿਆ ਰਾਹੀਂ ਪ੍ਰਗਟ ਕੀਤਾ ਹੋਇਆ ਹੈ। ਜੋਤਿ ਨੂੰ ਸ਼ਬਦ ਵੀ ਪਰਵਾਨ ਕੀਤਾ ਜਾ ਸਕਦਾ ਹੈ। ਇਸੇ ਲਈ ਗੁਰੂ ਨਾਨਕ ਪਾਤਸ਼ਾਹ ਤੋਂ ਬਾਅਦ ਗੁਰੂ ਸਾਹਿਬਾਨ ਨੇ ਆਪਣਾ ਪ੍ਰਗਟਾ 'ਨਾਨਕ' ਮੋਹਰ ਹੇਠ ਹੀ ਕੀਤਾ ਹੈ। ਕਾਇਆ ਪਲਟਣ ਦੀ ਜੁਗਤਿ ਦਾ ਸਮਾਂ 1469 ਤੋਂ 1708 ਤੱਕ ਦਾ ਹੈ। ਇਸ ਤੋਂ ਬਾਅਦ ਜੋਤਿ, ਸ਼ਬਦ ਹੋ ਗਈ ਅਤੇ 'ਗੁਰੂ ਮਾਨਿਓ ਗ੍ਰੰਥ' ਦੇ ਰੂਪ ਵਿਚ ਜੁਗਤਿ, ਸੰਗਤੀ ਹੋ ਗਈ। ਹੁਣ ਇਸੇ ਪਵਿੱਤਰ ਧਰਮ ਗ੍ਰੰਥ ਵਿਚ ਨਿਹਤ ਸਿੱਖ ਰਹਿਤ ਮਰਯਾਦਾ ਅਤੇ ਇਸ ਦੇ ਇਹਿਤਾਸਕ ਪ੍ਰਗਟਾ ਨੂੰ ਵੇਖਣ ਦਾ ਯਤਨ ਕਰਾਂਗੇ।

## iv

ਰਹਿਤ ਮਰਯਾਦਾ ਹਰੇਕ ਧਰਮ ਦਾ ਅਤੁੱਟ ਅੰਗ ਹੈ ਅਤੇ ਰਹਿਤ ਬਗੈਰ ਧਾਰਮਿਕ ਕੌਮੀਅਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਧਰਮ ਦਾ ਪ੍ਰਗਟ ਰੂਪ ਸੰਭਵ ਹੀ ਰਹਿਤ ਰਾਹੀਂ ਹੁੰਦਾ ਹੈ (**ਪੁਸ਼ਟੀ ਹਿਤ ਗ੍ਰੰਥ ਤੋਂ ਪੰਥ ਦਾ ਪ੍ਰਸੰਗ ਵੇਖਿਆ ਜਾ ਸਕਦਾ ਹੈ**)। ਧਰਮ ਜਦੋਂ ਬੰਦੇ ਦੇ ਕਰਮਾਂ ਰਾਹੀਂ ਪ੍ਰਗਟ ਹੁੰਦਾ ਹੈ ਤਾਂ ਇਸਦੇ ਨਾਲ ਜੁੜੇ ਸ਼ੁਭ ਜਾਂ ਨਿਰਧਾਰਿਤ ਕਰਮਾਂ ਨੂੰ ਹੀ ਰਹਿਤ ਆਖਿਆ ਜਾਂਦਾ ਹੈ। ਹੋਰ ਵੀ ਸੌਖੇ ਸ਼ਬਦਾਂ ਵਿਚ ਦੱਸਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਹਰ ਧਰਮ ਆਪਣੇ ਧਾਰਮਿਕ ਅਨੁਭਵ ਦੇ ਸੰਚਾਰ ਲਈ ਇਕ ਖਾਸ ਕਿਸਮ ਦੀ ਲੋੜ ਮਹਿਸੂਸ ਕਰਦਾ ਹੈ, ਜਿਸ ਨੇ ਉਸ ਧਰਮ ਦੇ ਪੈਰੋਕਾਰ ਦੀ ਸ਼ਖਸੀਅਤ ਦੀ ਉਸਾਰੀ ਕਰਨੀ ਹੁੰਦੀ ਹੈ। ਅਜਿਹੇ ਵਰਗ ਦੇ ਵਿਅਕਤੀ ਇਕੱਠੇ ਹੋ ਕੇ, ਵਿਸ਼ੇਸ਼ ਅਤੇ ਨਿਰਧਾਰਿਤ ਵਿਧੀ ਰਾਹੀਂ ਆਪਣੇ ਪਥ ਪ੍ਰਦਰਸ਼ਕ ਦੀ ਅਗਵਾਈ ਵਿਚ ਧਾਰਮਿਕ ਜੀਵਨ ਜਿਊਣ ਦਾ ਪ੍ਰਣ ਲੈਂਦੇ ਹਨ। ਇਸ ਤਰ੍ਹਾਂ ਹਰਕੇ ਧਰਮ ਵਿਚ ਧਾਰਮਿਕ ਪਰੰਪਰਾਵਾਂ, ਰਹਿਤ ਮਰਯਾਦਾ ਅਤੇ ਧਾਰਮਿਕ ਚਿੰਨ੍ਹ ਸਥਾਪਤ ਹੋ ਜਾਂਦੇ ਹਨ। ਇਸ ਸਾਰੇ ਕੁਝ ਦਾ ਸਮੁੱਚ ਹੀ ਸਬੰਧਤ ਧਰਮ ਦੀ ਰਹਿਤ ਮਰਯਾਦਾ ਅਖਵਾਉਂਦਾ ਹੈ। ਇਹ ਰਹਿਣੀ ਬਹਿਣੀ ਧਰਮ ਦਾ ਅਤੁੱਟ ਅੰਗ ਰਹੀ ਹੈ ਅਤੇ ਰਹਿਣੀ ਹੈ। ਇਸ ਲਈ ਰਹਿਤ ਵਿਹੂਣੇ ਧਰਮ ਦੀ ਕਲਪਨਾ ਕਰਨੀ ਵੀ ਅਸੰਭਵ ਹੈ। ਇਸ ਲਈ ਹਰ ਇਕ ਧਰਮ ਵਿਚ ਕੁਝ ਅਜਿਹੇ ਨਿਰਧਾਰਿਤ ਨਿਯਮ ਪ੍ਰਾਪਤ ਹੋ ਜਾਂਦੇ ਹਨ, ਜਿਨ੍ਹਾਂ ਦੇ ਅਨੁਸਾਰ ਉਸ ਧਰਮ ਦੇ ਅਨੁਯਾਈਆਂ ਨੇ ਆਪਣੇ ਜੀਵਨ ਨੂੰ ਚਲਾਉਣਾ ਹੁੰਦਾ ਹੈ। ਇਸ ਲਈ ਹਰ ਧਰਮ ਦੇ ਪੈਰੋਕਾਰਾਂ ਲਈ ਧਰਮ ਦੀ ਰਹਿਤ ਮਰਯਾਦਾ ਨੂੰ ਮੰਨਣਾ ਜ਼ਰੂਰੀ ਕਰਾਰ ਦਿੱਤਾ ਜਾਂਦਾ ਹੈ।

ਭਾਈ ਰਣਧੀਰ ਸਿੰਘ ਰਹਿਤ ਮਰਯਾਦਾ ਦੇ ਸਬੰਧ ਵਿਚ ਲਿਖਦੇ ਹਨ ਕਿ "ਹਰ ਕੌਮ ਦੀ ਰਹਿਣੀ ਬਹਿਣੀ (ਸ਼ਰਾ-ਮ੍ਰਿਜ਼ਾਦਾ) ਹੀ ਉਸਦਾ ਜੀਵਨ ਆਧਾਰ ਹੁੰਦਾ ਹੈ। ਸ਼ਰਾ ਆਦਿ ਸ਼ਰੀਅਤ ਦੀਆਂ ਖੂਬੀਆਂ ਵਿਚ ਸ਼ਾਮਲ ਹੈ ਅਤੇ ਹਰ ਕੌਮ, ਮਜ਼ਹਬ ਤੇ ਧਰਮ ਦੀ ਭਲਾਈ ਜਾਂ ਵਾਧੇ ਤੇ ਪ੍ਰਚਾਰ ਦਾ ਹੀਲਾ ਵਸੀਲਾ ਇਹੋ ਹੋਇਆ ਕਰਦੀਆਂ ਹਨ। ਬਲ-ਛਲ ਨਾਲ ਕਿਸੇ ਮਜ਼ਹਬ ਵਿਚ

ਧਿਰਾਂ ਦੀ ਗਿਣਤੀ ਵਧਾਈ ਤੇ ਜਾ ਸਕਦੀ ਹੈ, ਪਰ ਖੂਬੀਆਂ ਦੀ ਅਣਹੋਂਦ ਉਸ ਦੀ ਹੋਂਦ ਵਿਚ ਦੇਰ ਤਾਂਈਂ ਬਹਾਲ ਨਹੀਂ ਰਹਿ ਸਕਦੀ।" ਭਾਈ ਰਣਧੀਰ ਸਿੰਘ ਦੇ ਉਪਰੋਕਤ ਸ਼ਬਦਾਂ ਦੇ ਪ੍ਰਸੰਗ ਵਿਚ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਸਿੱਖੀ ਰੰਗੇ ਹੋਏ ਮਨਾਂ ਵਾਲਿਆਂ ਦਾ ਸਮੂਹ ਹੈ, ਅਣਰੰਗੇ ਮਨਾਂ ਨੂੰ ਕੇਵਲ ਗਿਣਤੀ ਵਧਾਉਣ ਲਈ ਰੰਗੇ ਹੋਏ ਮਨਾਂ ਵਾਲਿਆਂ ਦੀ ਕਤਾਰ ਵਿਚ ਖੜ੍ਹੇ ਕਰਨਾ ਸਿੱਖੀ ਦਾ ਪ੍ਰਸੰਗ ਨਹੀਂ ਹੈ। ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਦੇ ਇਸ ਧਰਮ ਵਿਚ ਕਨਵਰਸ਼ਨ ਦਾ ਸੰਕਲਪ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀਂ ਹੈ। ਇਸ ਨੂੰ ਇਸ ਧਰਮ ਦੀ ਇਕ ਮਰਯਾਦਾ ਦੇ ਤੌਰ ਤੇ ਹੀ ਤਸੱਵਰ ਕੀਤਾ ਜਾ ਸਕਦਾ ਹੈ।

V

ਰਹਿਤ ਮਰਯਾਦਾ ਦੇ ਉਪਰੋਕਤ ਸੰਖੇਪ ਅਧਿਐਨ ਤੋਂ ਬਾਅਦ ਪੇਪਰ ਦੀ ਭਾਵਨਾ ਨੂੰ ਸਮਝਦੇ ਹੋਏ ਸਿੱਖ ਰਹਿਤ ਮਰਯਾਦਾ ਦੀ ਨਜ਼ਰਸਾਨੀ ਕਰ ਲੈਣਾ ਪ੍ਰਸੰਗਕ ਹੋਵੇਗਾ।

ਸਿੱਖ ਰਹਿਤ ਮਰਯਾਦਾ ਨੂੰ ਪੰਥਕ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1945 ਈਸਵੀ ਵਿਚ ਦਿੱਤੀ (ਆਰੰਭ ਵਿਚ ਇਸ ਦਾ ਜ਼ਿਕਰ ਆ ਚੁੱਕਾ ਹੈ)। ਇਸ ਵਿਚ ਰਹਿਤਵਾਨ ਸਿੱਖ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੋਈ ਹੈ : ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ। ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਮੰਨੀ ਗਈ ਹੈ – ਸਖਸ਼ੀ ਅਤੇ ਪੰਥਕ। ਸਖਸ਼ੀ ਰੂਪ ਵਿਚ ਸਿੱਖ ਨੇ ਨਾਮ ਬਾਣੀ ਦਾ ਅਭਿਆਸ ਕਰਨਾ ਹੈ, ਗੁਰਮਤਿ ਅਨੁਸਾਰ ਜੀਵਨ ਜਿਊਣਾ ਹੈ ਅਤੇ ਮਾਨਵਤਾ ਦੀ ਸੇਵਾ ਲਈ ਤਤਪਰ ਰਹਿਣਾ ਹੈ। ਇਹ ਸਾਰੀਆਂ ਗੱਲਾਂ ਬੁਨਿਆਦੀ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸੀਆਂ ਹੋਈਆਂ ਹਨ। ਪੰਥਕ ਰਹਿਣੀ ਵਿਚ ਤਿਆਰ-ਬਰ-ਤਿਆਰ ਹੋ ਕੇ ਸਿੰਘ ਸਜਣਾ ਹੈ। ਸੋ ਰਹਿਤ ਮਰਯਾਦਾ ਇਕ ਅਜਿਹੀ ਪੰਥਕ ਕਿਰਤ ਹੈ ਜੋ ਬੁਨਿਆਦੀ ਸਿੱਖ ਸਿਧਾਂਤਾਂ ਅਥਵਾ ਗੁਰਬਾਣੀ ਦੇ ਅਧੀਨ ਹੈ। ਕਿਸੇ ਵੀ ਧਰਮ ਵਿਚ ਰਹਿਤ ਮਰਯਾਦਾ ਜਦੋਂ ਬੁਨਿਆਦੀ ਸਿਧਾਂਤਾਂ ਨਾਲੋਂ ਟੁੱਟ ਜਾਂਦੀ ਹੈ ਤਾਂ ਉਹ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੋ ਜਾਣ ਦੇ ਰਾਹ ਪੈ ਜਾਂਦੀ ਹੈ। ਸਿਧਾਂਤ ਦੀ ਤਾਜ਼ਗੀ ਨਾਲੋਂ ਟੁੱਟੀ ਹੋਈ ਧਾਰਮਿਕ ਰਹਿਤ ਨੂੰ ਗੁਰਬਾਣੀ ਵਿਚ ਮਾਨਤਾ ਨਹੀਂ ਦਿੱਤੀ ਗਈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸਿੱਖ ਧਰਮ ਦੀ ਆਮਦ ਵੇਲੇ ਸਮਕਾਲੀਨ ਧਰਮਾਂ ਦੀ ਰਹਿਤ ਮਰਯਾਦਾ ਸਬੰਧਤ ਧਰਮਾਂ ਦੇ ਸਿਧਾਂਤਾਂ ਨਾਲੋਂ ਬਿਲਕੁਲ ਟੁੱਟ ਚੁੱਕੀ ਸੀ। ਅਧਿਆਤਮਕਤਾ ਗਵਾ ਬੈਠੇ ਸਨ ਤੇ ਰਹਿਤ ਦੀ ਪਾਲਣਾ ਮਹਿਜ ਰਸਮ ਦੇ ਤੌਰ ਤੇ ਕਰੀ ਜਾ ਰਹੇ ਸਨ। ਇਹੋ ਜਿਹੀ ਰਹਿਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੇਲੋੜੀ ਰਹਿਤ ਦਾ ਨਾਮ ਦਿੱਤਾ ਹੈ। ਕਿਉਂਕਿ ਇਸ ਨਾਲ

ਨਾ ਤੇ ਚੰਗਾ ਫਲ ਪ੍ਰਾਪਤ ਹੁੰਦਾ ਹੈ ਅਤੇ ਚੰਗੇ ਨਤੀਜਿਆਂ ਦੀ ਤੇ ਆਸ ਹੀ ਨਹੀਂ ਕੀਤੀ ਜਾ ਸਕਦੀ। ਗੁਰੂ ਹੁਕਮ ਹੈ:

ਜਿਸ ਜਲ ਨਿਧਿ ਕਾਰਣਿ ਤੁਮ ਜਗਿ ਆਏ
ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਛੋਡਹੁ ਵੇਸੁ ਭੇਖ ਚਤੁਰਾਈ
ਦੁਬਿਧਾ ਇਹੁ ਫਲੁ ਨਾਹੀ ਜੀਉ॥ (ਅੰਕ 598)

ਸਪੱਸ਼ਟ ਹੈ ਕਿ ਰਹਿਤ ਕੇਵਲ ਦਿਖਾਉਣ ਵਾਸਤੇ ਨਹੀਂ ਹੁੰਦੀ ਅਤੇ ਜੇ ਰਹਿਤ ਮੁਤਾਬਕ ਜੀਵਨ ਨਹੀਂ ਹੈ ਤਾਂ ਰਹਿਤ ਦਿਖਾਵਾ ਬਣ ਕੇ ਹੀ ਰਹਿ ਜਾਂਦੀ ਹੈ। ਰਹਿਤ ਦੀ ਕਮਜ਼ੋਰੀ ਧਰਮ ਨੂੰ ਵੀ ਕਮਜ਼ੋਰ ਬਣਾ ਦਿੰਦੀ ਹੈ। ਇਸੇ ਪ੍ਰਥਾਇ ਗੁਰੂ ਪਾਤਸ਼ਾਹ ਸਮਕਾਲੀ ਧਰਮਾਂ ਦੇ ਆਗੂਆਂ ਨੂੰ ਸੰਬੋਧਤ ਹੁੰਦੇ ਪੁੱਛਦੇ ਹਨ ਕਿ ਤੁਹਾਡੀ ਰਹਿਤ ਨਾਲ ਤੁਹਾਡੇ ਧਰਮ ਦਾ ਤੇ ਪਤਾ ਚੱਲ ਜਾਂਦਾ ਹੈ, ਪਰ ਇਸ ਵਿਚੋਂ ਪ੍ਰਗਟ ਹੋਣ ਵਾਲੀ ਅਧਿਆਤਮਕਤਾ ਦੇ ਦੀਦਾਰੇ ਕਿਉਂ ਗੁੰਮ ਹਨ। ਅਸਲ ਵਿਚ ਅਧਿਆਤਮਕਤਾ ਨਾਲ ਜੁੜੀ ਨੈਤਿਕਤਾ ਹੀ ਰਹਿਤ ਦਾ ਅਸਲ ਸਰੋਕਾਰ ਹੁੰਦਾ ਹੈ। ਪਹਿਰਾਵੇ ਤਕ ਸੀਮਿਤ ਦਿਖਾਵੇ ਵਾਲੀ ਰਹਿਤ ਰਹਿ ਜਾਂਦੀ ਹੈ ਅਤੇ ਅਜਿਹੀ ਦੋਗਲੀ ਮਾਨਸਿਕਤਾ ਵਾਲਾ ਹਾਲਾਤਾਂ ਦਾ ਗੁਲਾਮ ਕਿਵੇਂ ਬਣ ਜਾਂਦਾ ਹੈ। ਇਸ ਦਾ ਪ੍ਰਗਟਾ ਗੁਰੂ ਨਾਨਕ ਪਾਤਸ਼ਾਹ ਇਸ ਤਰ੍ਹਾਂ ਕਰਦੇ ਹਨ:

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾਂ ਸੰਜਮੁ ਤੁਰਕਾ ਭਾਈ॥ (ਅੰਕ 471)

ਉਪਰੋਕਤ ਵਿਸਥਾਰਪੂਰਵਕ ਚਰਚਾ ਕਰਨ ਦਾ ਅਰਥ ਇਹ ਹੈ ਕਿ ਸਾਹਿਬੇ ਕਮਾਲ ਗੁਰੂ ਨਾਨਕ ਪ੍ਰਾਪਤ ਧਾਰਮਿਕਤਾ ਦੇ ਪ੍ਰਸੰਗ ਵਿਚ ਸੁਤੰਤਰ ਧਰਮ ਦੀ ਨੀਂਹ ਰੱਖ ਰਹੇ ਹਨ। ਇਸ ਲਈ ਉਨ੍ਹਾਂ ਦੀ ਅਧਿਆਤਮ ਮੰਡਲ ਵੱਲ ਪਹੁੰਚ ਜਿਥੇ ਨਵੀਂ ਨਿਵੇਕਲੀ ਸੀ ਉਥੇ ਉਸ ਵਿਚ ਸਦ ਤਾਜ਼ਗੀ ਵਾਲੀ ਵਿਲੱਖਣ ਮਹਿਕ ਵੀ ਸੀ। ਇਸੇ ਕਰਕੇ ਉਨ੍ਹਾਂ ਨੇ ਉਹ ਪ੍ਰਾਪਤ ਧਾਰਮਿਕ ਪ੍ਰਸੰਗ ਅਤੇ ਧਾਰਮਿਕ ਰਹਿਤ ਨੂੰ ਪਰਵਾਨ ਨਹੀਂ ਸੀ ਕੀਤਾ। ਇਸ ਨਿਖੇੜੇ ਵਿਚੋਂ ਹੀ ਸਿੱਖ ਧਰਮ ਦੀ ਅਜ਼ਾਦ ਹੋਂਦ ਹਸਤੀ ਦੇ ਦੀਦਾਰੇ ਕੀਤੇ ਜਾ ਸਕਦੇ ਹਨ ਕਿ ਗੁਰੂ ਪਾਤਸ਼ਾਹ ਕਿਸੇ ਤੀਸਰੇ ਪੱਥ ਦੀ ਸਿਰਜਨਾ ਵੱਲ ਸੇਧਤ ਸਨ। ਇਸੇ ਨੂੰ ਗੁਰੂ ਸ਼ਬਦ ਦਾ ਅੰਗ ਹੋਏ ਭਗਤ ਕਬੀਰ ਦੇ ਸ਼ਬਦਾਂ ਰਾਹੀਂ ਹੋਰ ਵੀ ਸੌਖਿਆ ਸਮਝਾਇਆ ਜਾ ਸਕਦਾ ਹੈ:

ਪੰਡਿਤ ਮੁਲਾਂ ਜੋ ਲਿਖਿ ਦੀਆ॥
ਛਾਡਿ ਚਲੇ ਹਮ ਕਛੂ ਨ ਲੀਆ॥ (ਅੰਕ 1159)

ਬਾਣੀ ਦਾ ਇਹ ਪ੍ਰਸੰਗ ਪ੍ਰਚਲਿਤ ਨਾਲ ਸਪੱਸ਼ਟ ਨਿਖੇੜਾ ਹੈ। ਸਿੱਖ ਰਹਿਤ ਵਿਚ ਕਰਨੀ ਅਤੇ ਕਥਨੀ ਦੀ ਪ੍ਰਧਾਨਤਾ ਹੈ। ਇਸ ਵਿਚ ਰਹਿਤਵਾਨ ਹੋਣ ਲਈ ਗੁਰੂ, ਕੇਂਦਰੀ ਸਰੋਕਾਰ ਵਜੋਂ ਸਾਹਮਣੇ ਆਉਂਦਾ ਹੈ। ਸਿੱਖੀ ਵਿਚ ਗੁਰੂ, ਸ਼ਬਦ-ਗੁਰੂ ਹੈ। ਸ਼ਬਦ ਗੁਰੂ ਦੀ ਪ੍ਰਤੀਨਿਧ ਬਾਣੀ ਹੈ, ਇਸ ਤਰ੍ਹਾਂ ਅਸਲ ਰਹਿਤ ਉਹੀ ਹੈ ਜੋ ਬਾਣੀ ਦੇ ਅਨੁਕੂਲ ਹੈ। ਇਸ ਲਈ ਗੁਰਬਾਣੀ ਦੀ ਅੰਦਰਲੀ ਗਵਾਹੀ ਨਾਲ ਸਿੱਖ ਰਹਿਤ ਨੂੰ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ।

ਉਪਰੋਕਤ ਦੀ ਪੁਸ਼ਟੀ ਲਈ ਸਿੱਖ ਗੌਣ ਸ੍ਰੋਤ (Secondary Sources) ਵਿਚੋਂ ਇਥੇ ਭਾਈ ਗੁਰਦਾਸ ਜੀ ਦਾ ਜ਼ਿਕਰ ਕਰ ਲੈਣਾ ਵੀ ਪ੍ਰਸੰਗਕ ਹੋਵੇਗਾ। ਉਨ੍ਹਾਂ ਦੀ ਰਚਨਾ ਨੂੰ ਸਿੱਖ ਰਵਾਇਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਗੁਰਮਤਿ ਦੇ ਗੁਹਜ ਨੂੰ ਉਨ੍ਹਾਂ ਨੇ ਆਪਣੀ ਵਿਆਖਿਆ ਰਾਹੀਂ ਬਹੁਤ ਸੁਖੈਨ ਰੂਪ ਵਿਚ ਜਨ-ਮਾਨਸਿਕਤਾ ਦੇ ਮਸਤਕ ਦਾ ਭਾਗ ਬਣਾਇਆ। ਉਨ੍ਹਾਂ ਦੀਆਂ ਰਚਨਾਵਾਂ ਵਿਚ ਵੀ ਸਿੱਖ ਰਹਿਤ ਬਾਰੇ ਅਨੇਕਾਂ ਹਵਾਲੇ ਮਿਲ ਜਾਂਦੇ ਹਨ, ਜੋ 'ਰਹਿਤ ਅਵਰ ਕਿਛੁ ਅਵਰ ਕਮਾਵਤ' ਦੇ ਪ੍ਰਸੰਗ ਨੂੰ ਨਕਾਰਦੇ ਵੀ ਹਨ ਅਤੇ ਅਸਲ ਕਥਨੀ ਤੇ ਕਰਨੀ ਦੇ ਪ੍ਰਸੰਗਕ ਰੂਪ ਨੂੰ ਵੀ ਸਾਹਮਣੇ ਲਿਆਉਂਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਜੋ ਰਹਿਤ ਬਾਹਰੋਂ ਨਜ਼ਰ ਆਉਂਦੀ ਹੈ, ਨਿਰਸੰਦੇਹ ਉਹ ਜ਼ਰੂਰੀ ਹੈ। ਪਰ ਇਸ ਨਾਲੋਂ ਵੀ ਜ਼ਰੂਰੀ ਅੰਦਰਲੀ ਰਹਿਤ ਹੈ। ਅਜਿਹੀ ਰਹਿਤ ਕਰਨੀ ਤੇ ਕਥਨੀ ਦਾ ਇਕਸੁਰਤਾ ਵਿਚੋਂ ਹੀ ਸੰਭਵ ਹੋ ਜਾਂਦੀ ਹੈ।

ਭਾਈ ਗੁਰਦਾਸ ਆਪਣੇ ਕਬਿੱਤ ਸਵੱਯੇ ਵਿਚ ਫੁਰਮਾਨ ਕਰਦੇ ਹਨ:

ਖਾਂਡ ਖਾਂਡ ਕਹੈ ਜਿਹਬਾ ਨ ਸਵਾਦੁ ਮੀਠੋ ਆਵੈ,
ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ।
ਬੈਦ ਬੈਦ ਕਹੇ ਰੋਗ ਮਿਟਤ ਨ ਕਾਹੂ ਕੋ,
ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ।
ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸੁ ਬਾਸੁ,
ਚੰਦ੍ਰ ਚੰਦ੍ਰ ਕਹੈ ਉਜੀਆਰੋ ਨ ਪ੍ਰਗਾਸ ਹੈ।
ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ,
ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ। (ਕਬਿਤ 437)

ਭਾਈ ਗੁਰਦਾਸ ਉਕਤ ਸਵੱਯੇ ਵਿਚ ਲਿਖਦੇ ਹਨ ਕਿ ਖੰਡ ਖੰਡ ਆਖਿਆ ਜਿਵੇਂ ਮੂੰਹ ਮਿੱਠਾ ਨਹੀਂ ਹੁੰਦਾ, ਅੱਗ ਅੱਗ ਬੋਲੀ ਜਾਣ ਨਾਲ ਨਿੱਘ ਦੀ ਪ੍ਰਾਪਤੀ ਨਹੀਂ ਹੁੰਦੀ, ਵੈਦ ਵੈਦ ਦਾ ਤੋਤਾ ਰਟਨ ਨਾਲ ਬਿਮਾਰੀ ਦਾ ਇਲਾਜ ਸੰਭਵ ਨਹੀਂ ਹੋ ਸਕਦਾ। ਚੰਦਰਮਾ ਦੇ ਸਿਮਰਨ ਨਾਲ ਪ੍ਰਕਾਸ਼ ਸੰਭਵ ਨਹੀਂ ਹੈ। ਇਸੇ ਤਰ੍ਹਾਂ ਹੀ ਜੇਕਰ ਰਹਿਤ ਦਾ ਗਿਆਨ ਹਾਸਲ ਕਰਕੇ ਹੀ

ਰਹਿਤਵਾਨ ਬਣਿਆ ਫਿਰੇ ਤਾਂ 'ਲੋਕ ਸੁਖੀਏ ਪਰਲੋਕ ਸੁਹੇਲੇ' ਦਾ ਪ੍ਰਸੰਗ ਸਥਾਪਤ ਹੋ ਹੀ ਨਹੀਂ ਸਕਦਾ।

ਭਾਈ ਗੁਰਦਾਸ ਦੇ ਉਪਰੋਕਤ ਪ੍ਰਸੰਗ ਨਾਲ ਇਹ ਪ੍ਰਸੰਗ ਸਾਹਮਣੇ ਆ ਜਾਂਦਾ ਹੈ ਕਿ ਗੁਰਮਤਿ ਵਿਚ ਸਿਧਾਂਤਾਂ ਨਾਲੋਂ ਟੁੱਟੀ ਹੋਈ ਰਹਿਤ ਨੂੰ ਮੁੱਢੋਂ ਹੀ ਰੱਦ ਕੀਤਾ ਹੋਇਆ ਹੈ। ਸਿੱਖੀ ਨੇ ਅਧਿਆਤਮਕਤਾ ਦੇ ਮਾਰਗ ਤੇ ਤੁਰੇ ਪਾਂਧੀ ਨੂੰ ਅੱਖਾਂ ਮੀਟ ਕੇ ਸਮਾਧੀ ਲਗਾਉਣ ਦੀ ਥਾਂ ਅੱਖਾਂ ਖੋਲ੍ਹ ਕੇ ਸਮਾਧੀ ਲਗਾਉਣ ਦੀ ਜੁਗਤਿ ਦਾ ਨਵਾਂ ਮਾਰਗ ਪ੍ਰਦਾਨ ਕਰ ਦਿੱਤਾ ਸੀ। ਇਹ ਵੀ ਭਾਵਨਾ ਬਣ ਚੁੱਕੀ ਸੀ ਕਿ ਗੁਰ ਸਿੱਖਾਂ ਤੋਂ ਬਿਨਾਂ ਸਭ ਭੰਬਲਭੂਸੇ ਵਿਚ ਪਏ ਹੋਏ ਸਨ। ਇਸੇ ਭਾਵਨਾ ਨੂੰ ਉਨ੍ਹਾਂ ਨੇ ਆਪਣੇ ਇਕ ਹੋਰ ਸਵੱਯੇ ਵਿਚ ਇਸ ਤਰ੍ਹਾਂ ਪ੍ਰਗਟ ਕੀਤਾ ਹੈ:

ਦਸ ਨਾਉਂ ਸੰਨਿਆਸੀਆ ਭੰਭਲ ਭੂਸੇ ਖਾਇ ਭੁਲਾਣੇ॥
ਗੁਰ ਸਿਖ ਜੋਗੀ ਜਾਗਦੇ ਹੋਰ ਸਭੇ ਬਨਵਾਸੁ ਲੁਕਾਣੇ॥ (ਵਾਰ 40, ਪਉੜੀ 13)

ਸਪੱਸ਼ਟ ਹੋਇਆ ਕਿ ਸਮਕਾਲੀ ਧਰਮਾਂ ਦੀਆਂ ਪ੍ਰਚਲਿਤ ਰਹਿਤ ਮਰਯਾਦਾਵਾਂ ਨਾਲੋਂ ਸਿੱਖ ਧਰਮ ਦੀ ਵੱਖਰੀ ਰਹਿਤ ਮਰਯਾਦਾ ਸਾਹਮਣੇ ਆ ਰਹੀ ਸੀ, ਜਿਸਦੇ ਰਾਹੀਂ ਸਿੱਖ ਧਰਮ ਦੀ ਵੱਖਰੀ ਪਹਿਚਾਣ ਵੀ ਸਥਾਪਤ ਹੋਣੀ ਸੀ ਅਤੇ ਸਿੱਖ ਕੌਮੀਅਤ ਦਾ ਪ੍ਰਸੰਗ ਸਥਾਪਨ ਵੀ ਹੋਣਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ (1469-1708), ਗੁਰਸਿੱਖਾਂ ਵੱਲੋਂ ਗੁਰੂ ਸਾਹਿਬਾਨ ਦੀ ਅਗਵਾਈ ਵਿਚ ਰਹਿਤ ਮਰਯਾਦਾ ਦਾ ਪਾਲਨ ਕੀਤਾ ਜਾਂਦਾ ਰਿਹਾ ਹੈ। ਰਹਿਤਨਾਮਿਆਂ ਵਿਚ ਇਸੇ ਆਧਾਰ ਤੇ ਰਹਿਤ ਮਰਯਾਦਾ ਦੇ ਵੇਰਵੇ ਪ੍ਰਾਪਤ ਹਨ। ਗੁਰਬਾਣੀ ਦੀ ਅਗਵਾਈ ਵਿਚ ਲੋੜੀਂਦੀ ਰਹਿਤ ਮਰਯਾਦਾ ਨੂੰ ਸਮਝਣ ਲਈ ਸ੍ਰੀ ਗੁਰੂ ਰਾਮਦਾਸ ਜੀ ਦੇ ਇਸ ਸ਼ਬਦ ਦਾ ਹਵਾਲਾ ਦਿੱਤਾ ਜਾ ਸਕਦਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆਂ ਉਠਦਿਆਂ ਹਰਿਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਿਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥
(ਅੰਕ 305)

ਇਸ ਨਾਲ ਇਹ ਗੱਲ ਸਾਹਮਣੇ ਆ ਗਈ ਹੈ ਕਿ ਗੁਰਸਿੱਖ ਵੱਲੋਂ ਕੀਤੇ ਜਾਣ ਵਾਲੇ ਨਿਤ ਕਰਮਾਂ ਦੀ ਸਾਰਿਆਂ ਤੇ ਲਾਗੂ ਹੋਣ ਵਾਲੀ ਮਰਯਾਦਾ ਹੀ ਰਹਿਤ ਮਰਯਾਦਾ ਹੈ। ਇਸ ਵਿਚ

ਅੰਮ੍ਰਿਤ ਵੇਲੇ ਦਾ ਜਾਗਣਾ ਅਤੇ ਇਸ਼ਨਾਨ ਕਰਨਾ ਸ਼ਾਮਲ ਹੈ। ਅੰਮ੍ਰਿਤ ਵੇਲੇ ਦੀ ਇਸ ਸੰਭਾਲ ਨੂੰ ਪਿਆਰ ਵਿਚ ਨਿਭਾਉਣਾ ਸਿੱਖ ਰਹਿਤ ਮਰਯਾਦਾ ਵਿਚ ਸ਼ਾਮਲ ਹੈ। ਇਹ ਮਰਯਾਦਾ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਨਿਭਦੀ ਰਹੀ ਸੀ ਅਤੇ ਇਸ ਵਿਚ ਸ਼ਾਮਲ ਸਾਕੇਸ਼ ਸਿੱਖ-ਪਛਾਣ ਨੂੰ ਗੁਰਸਿੱਖਾਂ ਵੱਲੋਂ ਗੁਰੂ ਸਾਹਿਬਾਨ ਦੀ ਅਗਵਾਈ ਵਿਚ ਨਿਭਾਇਆ ਜਾਂਦਾ ਰਿਹਾ ਸੀ।

ਦਸਮ ਪਾਤਸ਼ਾਹ ਹਜ਼ੂਰ ਵੱਲੋਂ ਕਕਾਰਧਾਰੀ ਰਹਿਤ ਦੀ ਮਰਯਾਦਾ 1699 ਵਿਚ ਲਾਗੂ ਕੀਤੀ ਗਈ ਸੀ। ਇਸ ਨਾਲ ਪੰਥਕ ਪਛਾਣ ਵਾਸਤੇ ਪੰਜ ਕਕਾਰ ਧਾਰਨ ਕਰਨੇ ਲਾਜ਼ਮੀ ਹੋ ਗਏ ਸਨ ਅਤੇ ਅੱਜ ਵੀ ਇਸੇ ਤਰ੍ਹਾਂ ਹਨ। ਇਥੋਂ ਤੱਕ ਕਿ ਦਸਮ ਪਾਤਸ਼ਾਹ ਹਜ਼ੂਰ ਨੇ ਖੁਦ ਵੀ ਆਪਣੇ ਹੀ ਸਾਜੇ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਛਕਿਆ ਸੀ ਅਤੇ ਸਾਰੇ ਗੁਰਸਿੱਖਾਂ ਵਾਂਗ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਹੋ ਗਏ ਸਨ। ਉਸ ਤੋਂ ਪਿਛੋਂ ਸਿੱਖ ਦੀ ਸਾਕੇਸ਼-ਪਛਾਣ ਦੇ ਨਾਲ-ਨਾਲ ਨਾਮ ਦੇ ਪਿੱਛੇ ਮਰਦਾਂ ਲਈ 'ਸਿੰਘ' ਅਤੇ ਔਰਤਾਂ ਲਈ 'ਕੌਰ' ਲਾਉਣਾ ਸਿੱਖ-ਪਛਾਣ ਦਾ ਹਿੱਸਾ ਹੋ ਗਿਆ ਸੀ ਅਤੇ ਅੱਜ ਵੀ ਹੈ। ਅੰਮ੍ਰਿਤਧਾਰੀ ਸਿੰਘਾਂ ਅਤੇ ਸਿੰਘਣੀਆਂ ਦੀ ਵਾਸੀ ਅਨੰਦਪੁਰ ਹੋ ਗਈ ਸੀ ਅਤੇ ਸਾਰੇ ਸਿੰਘਾਂ ਅਤੇ ਸਿੰਘਣੀਆਂ ਦੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਹੋ ਗਏ ਸਨ। ਇਸ ਵਿਚ ਰਹਿਤ ਮਰਯਾਦਾ ਦੀ ਅਹਿਮ ਭੂਮਿਕਾ ਇਹ ਸੀ ਕਿ ਖਾਲਸਾ ਪੰਥ ਦੀ ਵਾਸੀ ਅਤੇ ਵਲਦੀਅਤ ਇਕ ਹੋ ਗਈ ਸੀ। ਇਹ ਸਿੱਖ ਰਹਿਤ ਮਰਯਾਦਾ ਦਾ ਸੁਤੰਤਰ ਯੋਗਦਾਨ ਹੈ।

ਸਿੱਖ ਕੌਮ ਨੇ ਆਪਣੀ ਖਾਲਸਾ-ਪਛਾਣ ਨੂੰ ਸੰਘਰਸ਼ ਕਾਲ ਵਿਚ ਕਿਵੇਂ ਸੰਭਾਲਿਆ, ਇਸ ਨੂੰ ਸਮਝਣ ਵਾਸਤੇ ਕਿਸੇ ਵੀ ਸਿੱਖ-ਸਮਕਾਲ ਦੀ ਪ੍ਰਚਲਿਤ ਰਹਿਤ ਮਰਯਾਦਾ ਸਹਾਇਤਾ ਕਰਦੀ ਰਹੀ ਹੈ। ਸੰਘਰਸ਼ ਕਾਲ ਵਿਚ ਗੁਰਦੁਆਰਾ-ਸੰਸਥਾ ਦੀ ਸੰਭਾਲ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਨੇ, ਨਿਭਾਈ ਜਾਣ ਵਾਲੀ ਰਹਿਤ ਮਰਯਾਦਾ ਵਾਸਤੇ ਵੀ ਮੁਸ਼ਕਲਾਂ ਪੈਦਾ ਕੀਤੀਆਂ ਸਨ। ਉਹ ਮੁਸ਼ਕਲਾਂ, ਸਿੱਖ ਮਿਸਲਾਂ ਦੇ ਬੋਲ-ਬਾਲਿਆਂ ਅਤੇ ਸਿੱਖ ਰਾਜ ਦੀ ਸ਼ਾਨ ਵੇਲੇ ਵੀ ਥੋੜ੍ਹੇ-ਬਹੁਤੇ ਫਰਕ ਨਾਲ ਚਲਦੀਆਂ ਰਹੀਆਂ ਸਨ। ਇਸ ਦਾ ਪ੍ਰਭਾਵ ਸਿੱਖ ਸਾਹਿਤ ਉਤੇ ਵੀ ਪਿਆ ਸੀ ਅਤੇ ਉਸ ਦਾ ਵੇਦਾਂਤੀਕਰਨ ਹੋਇਆ ਨਾ ਵੀ ਕਹੀਏ ਤਾਂ ਵੀ ਵੇਦਾਂਤੀ ਪ੍ਰਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਗੁਰਦੁਆਰਾ ਸੁਧਾਰ ਲਹਿਰ ਵੀ ਸਿੱਖ-ਪਛਾਣ ਅਤੇ ਖਾਲਸਾ ਜੀ ਦੇ ਬੋਲ-ਬਾਲਿਆਂ ਵਾਸਤੇ ਹੀ ਸੀ। ਇਸੇ ਲਹਿਰ ਦੀ ਦੇਣ ਵਰਤਮਾਨ ਸਿੱਖ ਰਹਿਤ ਮਰਯਾਦਾ ਹੈ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪਿਆ ਹੋਇਆ ਹੈ। ਇਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਦਾ ਦਰਜਾ ਪ੍ਰਾਪਤ ਹੈ। ਇਸ ਦੇ ਰਾਹ ਵਿਚ ਆ ਰਹੀਆਂ ਰੁਕਾਵਟਾਂ ਨੂੰ ਗ੍ਰੰਥ ਅਤੇ ਪੰਥ ਦੇ ਹਵਾਲੇ ਨਾਲ ਹੀ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ।

*****